ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

OCTOBER 1979

ਅਕਤੂਬਰ ੧੯੭੯



ਯੂ. ਕੇ. ਦੇ ਸਕੂਲਾਂ ਵਿਚ ਦਸਤਾਰ-ਮੋਰਚਾ ਜਿੱਤਣ ਵਾਲੀ ਪੰਜਾਬਣ ਬੀਬੀ

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ

ਕਾਚੇ ਗੁਰ ਤੇ ਮੁਕਤਿ ਨ ਹੂਆ — ਭਾਈ ਸਾਹਿਬ ਰਣਧੀਰ ਸਿੰਘ ਜੀ — ੩
ਗੁਰਦੁਆਰਾ ਧੋਬੜੀ ਸਾਹਿਬ ਦੇ ਦਰਸ਼ਨ — ਸੂਬੇਦਾਰ ਪ੍ਰੀਤਮ ਸਿੰਘ ਜੀ — ੧੨
ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ — ਭਾਈ ਮਨਮੋਹਨ ਸਿੰਘ ਜੀ ਬਲ — ੧੪
ਦਗੇਬਾਜ਼ ਦੇ ਦਗੇ ਦਾ ਭਾਂਡਾ, ਵਿਚ ਕੁੰਭ ਮੇਲੇ ਫੋੜ ਦਿਓ (ਕਵਿਤਾ) — ਸ: ਹਰਭਜਨ ਸਿੰਘ ਜੀ M A. — ੧੫
ਘਾਲ ਤੇ ਬਖਸ਼ਸ਼ — ਪ੍ਰਿੰਸੀਪਲ ਸੁਜਾਨ ਸਿੰਘ ਜੀ — ੧੬
ਸੁਚਿ ਹੋਵੈ ਤਾ ਸਚੁ ਪਾਈਐ — ਭਾਈ ਬਲਦੇਵ ਸਿੰਘ ਜੀ B.A.L.L B. — ੨੨
ਸਿੱਖੀ (ਕਵਿਤਾ) — ਸ: ਰਜਿੰਦਰ ਸਿੰਘ ਜੀ ਰਾਜ — ੨੪
ਬਾਊ ਮਲ ਸਿੰਘ ਜੀ ਦਾ ਪਰਉਪਕਾਰ — ਸ: ਵਰਿਆਮ ਸਿੰਘ ਜੀ — ੨੫
ਗੁਰਮਤਿ ਗਾਡੀ ਰਾਹ (ਕਵਿਤਾ) — ਗਿ: ਗੁਪਾਲ ਸਿੰਘ ਜੀ ਮਿਤਰ — ੨੬
ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੧੪) — ਕੈਪਟਨ ਸਵਰਨ ਸਿੰਘ ਜੀ — ੨੭
ਧੰਨ ਧੰਨ ਜਗਿ ਆਏ (ਕਵਿਤਾ) — ਭਾਈ ਦੇਵਾ ਸਿੰਘ ਜੀ ਕਿਰਤੀ — ੩੪
ਸੂਹਾ ਰੰਗ ਤੇ ਲਾਲ ਰੰਗ — ਭਾਈ ਜੋਗਿੰਦਰ ਸਿੰਘ ਤਲਵਾੜਾ — ੩੫
ਪਾਠ-ਬੋਧ ਸਮਾਗਮ ... ... ... ੩੮
ਯੂ. ਕੇ. ਵਿਚ ਕਿਰਪਾਨ-ਮੋਰਚਾ ਫਤਹ ... ... ... ੩੯
ਮੇਰੀ ਖਲਹੁ ਮੋਜੜੇ ਗੁਰਸਿਖ ਹੰਢਾਏ (ਕਵਿਤਾ) — ਗਿ: ਗੋਪਾਲ ਸਿੰਘ ਜੀ ਮਿਤਰ — ੪੧
ਪਿਆਰੇ ਬਾਊ ਮਲ ਸਿੰਘ ਜੀ ਦੀ ਅਮਰ ਯਾਦ ,, ,, ੪੧

| | | | |
|---|---|---|---|
| ਗੁਰੂ ਰਾਮਦਾਸ ਜੀ ਅਵਤਾਰ ਧਾਰਿਆ | ੭ ਅਕਤੂਬਰ | ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਗੁਰਿਆਈ | ੧੪ ਅਕਤੂਬਰ |
| ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤਿ | ੧੪ ਅਕਤੂਬਰ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਦੀ ਨੰਦੇੜ | ੨੩ ਅਕਤੂਬਰ |

## ਯੂ. ਕੇ. ਦੇ ਸਕੂਲਾਂ ਵਿਚ ਬੀਬੀਆਂ ਦਾ ਦਸਤਾਰ-ਮੋਰਚਾ ਫਤਹ

ਬੀਬੀ ਹਰਪ੍ਰੀਤ ਕੋਰ ਗਿਲ, ਜਿਸ ਉਤੇ ਧਾਰਮਕ ਮਰਯਾਦਾ ਅਨੁਸਾਰ ਦਸਤਾਰ ਸਜਾ ਕੇ ਸਕੂਲ ਜਾਣ ਕਾਰਨ ਸਕੂਲ ਵੜਨ ਤੇ ਪਾਬੰਦੀ ਲਗਾਈ ਗਈ ਸੀ, ਉਹ ਰਹਿਤ ਬਹਿਤ ਵਿਚ ਦ੍ਰਿੜ੍ਹ ਰਹੀ।

ਗੁਰੂ ਮੇਹਰ ਸਦਕਾ ਇਹ ਮੋਰਚਾ ਫਤਹ ਹੋਇਆ ਹੈ ਤੇ ਦਸਤਾਰ ਸਜਾ ਕੇ ਸਕੂਲ ਜਾਣ ਦੀ ਯੂ. ਕੇ. ਦੇ ਸਕੂਲਾਂ ਵਿਚ ਜਾਣ ਦੀ ਸਭ ਬੀਬੀਆਂ ਲਈ ਖੁਲ੍ਹ ਹੋ ਗਈ ਹੈ।

ਹੋਮਕੂੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੨੭.੯.੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ ਅਕਤੂਬਰ ੧੯੭੯ ਅੰਕ ੧੦


# ਕਾਚੇ ਗੁਰ ਤੇ ਮੁਕਤਿ ਨ ਹੂਆ


[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]


'ਏਕ ਜੋਤਿ ਦੁਇ ਮੂਰਤੀ' ਵਾਲਾ ਸ਼ਬਦ-ਮਿਲਾਵਾ ਕਰਾਵਣਹਾਰ ਸਤਿਗੁਰੂ ਰੂਪ ਸੱਚੇ ਅੰਮ੍ਰਿਤ-ਕੁੰਡ ਨੂੰ ਛਡ ਕੇ ਜੋ ਬਿਖਲੀਪਤ ਬੁਧੀ ਵਾਲੇ ਅਲਪੱਗ ਗੁਰੂਆਂ ਦੇ ਪਿਛੇ ਮਾਇਆਵੀ ਮਨੋਰਥ-ਮਈ ਬਿਖ ਬਿਹਾਜਣ ਖ਼ਾਤਰ ਲੋਭ ਲਲਚਾਏ ਭਜੇ ਫਿਰਦੇ ਹਨ ਅਤੇ ਗੁਰੂ ਘਰ ਤੋਂ ਬੇਮੁਖ ਹੋ ਕੇ, ਸੱਚੇ ਸਤਿਗੁਰੂ ਦੀ ਚਾਕਰੀ ਨੂੰ ਤਲਾਂਜਲੀ ਦੇ ਕੇ ਡਿੰਭੀ ਗੁਰੂਆਂ ਦੀ ਵਿਡਾਣੀ ਚਾਕਰੀ ਸਹੇੜਦੇ ਫਿਰਦੇ ਹਨ, ਉਹ ਗੁਰਮਤਿ ਮਤਿ ਅਚੱਲ ਉਤੇ ਸ਼ਰਧਾ, ਭਰੋਸਾ ਰੱਖਣ ਵਾਲਾ ਆਪਣਾ ਧਰਮ ਭੀ ਗਵਾ ਬੈਠਦੇ ਹਨ ਅਤੇ ਧਰਮ ਗਵਾ ਕੇ ਸੱਚੀ ਸੂਝ ਬੂਝ ਤੋਂ ਭੀ ਵਾਂਜੇ ਜਾਂਦੇ ਹਨ। ਦਿਨ ਰਾਤ ਉਹਨਾਂ ਦੀ ਦੁਖਾਂ ਵਿਚ ਹੀ ਵਿਹਾਂਦੀ ਹੈ, ਉਹਨਾਂ ਨੂੰ ਅਲਪੱਗ ਗੁਰੂਆਂ ਦੀ ਸਹੇੜ ਨਾਲ ਸਿਮਰਨ ਦੀ ਸੱਚੀ ਦਾਤਿ ਹੀ ਪਲੇ ਨਹੀਂ ਪੈਂਦੀ। ਉਹ ਨਾ ਇਤ ਕੇ ਨਾ ਉਤ ਕੇ, ਗੁਰੂ ਸੱਚੇ ਸਤਿਗੁਰੂ ਤੋਂ ਬੇਮੁਖ ਹੋ ਕੇ ਉਹ ਦੀਨ ਦੁਨੀ ਦੋਨੋਂ ਹੀ ਗਵਾ ਬੈਠਦੇ ਹਨ ਅਤੇ ਲਾਜ-ਲੋਣ ਹੋ ਕੇ ਬਿਨ ਪਾਣੀ ਹੀ ਡੁਬ ਮਰਦੇ ਹਨ। ਸੱਚੇ ਸਤਿਗੁਰੂ ਤੋਂ ਪ੍ਰਾਪਤ ਕੀਤਾ ਗੁਰ-ਸ਼ਬਦ ਗੁਰਮੰਤਰ ਨਾਮ ਹੀ ਜਗਿਆਸੂ ਸਿਖ ਦੇ ਘਟ ਅੰਤਰ ਵਸ ਕੇ ਧਸ ਸਕਦਾ ਹੈ, ਫਿਰ ਵਿਸਰਦਾ ਕਦੇ ਨਹੀਂ। ਇਸ ਬਿਧ ਸਤਿਗੁਰੂ ਦੀ ਸ਼ਰਨੀ ਆਇਆਂ ਨਾਮ ਦੀ ਪਾਰਸ-ਕਮਾਈ ਦੇ




www.AKJ.Org

ਤੁਫ਼ੈਲ ਪਰੀਪੂਰਨ ਪ੍ਰਮਾਤਮਾ ਦੀ ਸਦਾ ਹਜ਼ੂਰੀ ਵਾਲੀ ਸ਼ਰਨ ਪ੍ਰਾਪਤ ਕਰ ਕੇ ਭੀ ਉਹ ਵਡਭਾਗਾ ਜਨ ਸਦਾ ਸਿਮਰਨ ਭਜਨ ਵਿਚ ਹੀ ਨਿਮੱਗਨ ਰਹਿੰਦਾ ਹੈ। ਬਸ ਸੱਚੇ ਸਤਿਗੁਰੂ ਦੀ ਕੀਤੀ ਸੇਵਾ-ਭਗਤੀ ਹੀ ਸਦਾ ਸੁਖਦਾਇਕ ਹੈ ਅਤੇ ਜੋਤੀ ਜੋਤਿ ਮਿਲਾਵਣਹਾਰੀ ਹੈ। ਯਥਾ ਗੁਰਵਾਕ :—

ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥
ਮਨ ਰੇ ਸਦਾ ਭਜਹੁ ਹਰਿ ਸਰਣਾਈ ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ਰਹਾਉ॥......
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥ (੪॥੧੨॥੪੫)

[ਸਿਰੀਰਾਗੁ ਮ: ੩, ਪੰਨਾ ੩੧

ਜਿਸ ਗੋਬਿੰਦ ਗੁਣੀ ਨਿਧਾਨ ਦਾ ਅੰਤ ਨਹੀਂ ਪਾਇਆ ਜਾਂਦਾ ਉਹ 'ਅਬੇ ਤਬੇ ਕੀ ਚਾਕਰੀ' ਤੋਂ ਅਤੇ ਕਥਨੀ ਬਦਨੀ ਦੁਆਰਾ ਖ਼ੁਦ-ਸਾਖ਼ਤਾ ਗੁਰੂਆਂ ਦੀ ਸ਼ਿਖਸ਼ਾ ਤੋਂ ਕਦੋਂ ਪਾਇਆ ਜਾ ਸਕਦਾ ਹੈ? ਐਵੇਂ ਡਿੰਭੀ ਗੁਰੂਆਂ ਦੇ ਚੇਲੇ ਅਤੇ ਅਲਪੱਗ ਸਿਮਰਨ-ਦਾਤਿਆਂ ਦੇ ਦੀਖਸ਼ਕ ਕਥਨੀ ਬਦਨੀ ਕਰਦੇ ਫਿਰਦੇ ਹਨ ਕਿ ਦੇਹਧਾਰੀ ਗੁਰੂ ਧਾਰਨ ਕਰੋ, ਅਸੀਂ ਪ੍ਰਮਾਤਮਾ ਨੂੰ ਪਾ ਲਿਆ ਹੈ। ਉਹ ਆਪਣੀ ਹਉਮੈ ਦਾ ਰੋਗ ਵਧਾਉਂਦੇ ਹਨ।

## *ਸਿਮਰਨ ਦਾਤਿ ਦੀ ਪ੍ਰਾਪਤੀ ਸੱਚੇ ਸਤਿਗੁਰੂ ਤੋਂ—*

ਜਿਨ੍ਹਾਂ ਨੂੰ ਸੱਚਾ ਸਤਿਗੁਰੂ ਮਿਲਿਆ ਹੈ ਅਤੇ ਸੱਚੇ ਸਤਿਗੁਰੂ ਤੋਂ ਸਿਮਰਨ ਦੀ ਸੱਚੀ ਦਾਤਿ ਪ੍ਰਾਪਤ ਹੋਈ ਹੈ, ਉਨ੍ਹਾਂ ਦੀ ਹਉਮੈ ਵਿਚੋਂ ਚਲੀ ਗਈ ਹੈ। ਉਹ ਗੁਰੂ ਦੇ ਭੈ ਅਦਬ ਭਰੇ ਨਿਰਮਾਣਤਾ ਦੇ ਰੰਗਾਂ ਵਿਚ ਹੀ ਰਚੇ ਰਹਿੰਦੇ ਹਨ। ਜਿਥੇ ਇਹ ਰੰਗ ਬਝ ਜਾਂਦੇ ਹਨ ਓਥੇ ਪ੍ਰੀਤਮ ਪਿਆਰਾ ਵਾਹਿਗੁਰੂ ਆਪੇ ਹੀ ਆਣ ਵਸਦਾ ਹੈ। ਇਨ੍ਹਾਂ ਰੰਗਾਂ ਨੂੰ ਮਨਾਉਣ ਵਾਲੀ ਨਾਮ-ਦਾਤਿ ਜਿਸ ਨੂੰ ਦਾਤਾਰ ਆਪ ਹੀ ਦੇਵੇ ਤਾਂ ਪਾਈਦੀ ਹੈ, ਹੋਰ ਕੁਝ ਕਹਿਣਾ ਹੀ ਨਹੀਂ ਬਣਦਾ। ਇਹ ਦਾਤਿ ਦੇਵਣ ਵਾਲੇ ਦੇ ਹੱਥ ਵਿਚ ਹੈ ਅਤੇ ਕੇਵਲ ਗੁਰੂ ਦੁਆਰੇ ਹੀ ਪਾਈਦੀ ਹੈ, ਭਾਵ ਗੁਰੂ ਤੋਂ ਹੀ ਪਾਈ ਜਾ ਸਕਦੀ ਹੈ। ਯਥਾ ਗੁਰਵਾਕ—

ਗੋਵਿੰਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥... ...
ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ ॥
ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥੩॥(੪॥੧੭॥੫੦)

[ਸਿਰੀਰਾਗੁ ਮ: ੩, ਪੰਨਾ ੩੨-੩੩

ਇਹ ਸਿਮਰਨ ਰੂਪੀ ਸੱਚ ਪਦਾਰਥ (ਨਾਮ ਧਨੁ ਵਖਰੁ) ਗੁਣਵੰਤੇ ਗੁਰਮੁਖ ਜਨਾਂ ਨੇ ਹੀ ਪਾਇਆ ਹੈ, ਉਨ੍ਹਾਂ ਨੇ ਵਿਕਾਰ ਮਈ ਤ੍ਰਿਸ਼ਨਾ ਤਜ ਦਿਤੀ ਹੈ। ਉਨ੍ਹਾਂ ਦਾ ਮਨ ਗੁਰ-ਸ਼ਬਦ ਸਿਮਰਨ ਨਾਲ ਹਰ ਵਕਤ ਰੰਗਿਆ ਰਹਿੰਦਾ ਹੈ ਅਤੇ ਉਨ੍ਹਾਂ ਦੀ ਰਸਨਾ ਤੋਂ ਪ੍ਰੇਮ-ਪਿਆਰ ਭਿੰਨੇ, ਅੰਮ੍ਰਿਤ ਨਾਮ ਅਭਿਆਸ ਜਾਪ ਦੇ ਫਰਨਾਟੇ ਫੁਰਾਟੇ ਹੀ ਹਰਦਮ ਫੁਰਕਦੇ ਰਸਨੁਚਕਦੇ ਰਹਿੰਦੇ ਹਨ। ਸਤਿਗੁਰੂ ਬਿਨਾਂ ਇਸ



www.AKJ.Org

ਪਦ ਦੀ ਪ੍ਰਾਪਤੀ ਕਿਸੇ ਨੂੰ ਭੀ ਨਹੀਂ ਹੋ ਸਕਦੀ। ਮਨਮੁਖਾਂ ਦੀ ਤਾਂ ਮਨਮੁਖਤਾ ਵਾਲੀ ਹਉਮੈ ਦੁਰਮਤਿ ਵਿਕਾਰ ਦੀ ਮੈਲ ਹੀ ਕਦੇ ਨਹੀਂ ਉਤਰ ਸਕਦੀ, ਜਦ ਤਾਈਂ ਉਨ੍ਹਾਂ ਦੀ ਪ੍ਰੇਮ ਭਾਵਨੀ ਗੁਰਸ਼ਬਦ ਉਪਰ ਨਹੀਂ ਜੰਮਦੀ, ਸਾਮਰਤੱਖ ਗੁਰੂ ਦੇ ਹੋਇ ਕੇ ਗੁਰ-ਸ਼ਬਦ-ਸਿਮਰਨ ਧਾਰਨ ਨਹੀਂ ਕਰਦੇ। ਯਥਾ ਗੁਰਵਾਕ–

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥(੪।੨੬॥੫੯)

[ਸਿਰੀਰਾਗੁ ਮ: ੩, ਪੰਨਾ ੩੯

ਪ੍ਰੇਮ ਪਿਆਰ ਦੇ ਪਰਮਾਰਥੀ-ਆਤਮ-ਰੰਗ ਸ਼ਬਦ ਸਿਮਰਨ ਅਭਿਆਸ ਵਿਚ ਰਤਿਆਂ ਹੀ ਖਿੜਦੇ ਹਨ। ਸੱਚੇ ਪ੍ਰੇਮ ਪਿਆਰ ਦਾ ਖੇੜਾ ਨਾਮ ਦੇ ਰੰਗਾਂ ਵਿਚ ਰਹੱਸ ਕੇ ਖਿੜਦਾ ਹੈ। ਸਿਮਰਨ-ਕਲਾ ਦੁਆਰਾ ਰੋਮ ਰੋਮ ਪ੍ਰੇਮ ਪਰਫੁਲਤ ਹੋ ਜਾਂਦਾ ਹੈ। ਜਿਨ੍ਹਾਂ ਨੂੰ ਇਸ ਬਿਧ ਪ੍ਰੇਮ ਸੇਤੀ ਮਨ ਰੋਕਣਾ ਦਰਕਾਰ ਹੈ, ਉਹ ਸਚੇ ਸਤਿਗੁਰੂ ਤੋਂ ਹੀ ਪ੍ਰੇਮ-ਰੰਗ-ਰੰਗੇਤੜਾ ਨਾਮ ਦ੍ਰਿੜ੍ਹਾ ਸਕਦਾ ਹੈ। ਸਤਿਗੁਰ ਬਾਝੋਂ ਇਹ ਨਾਮ ਲਭਦਾ ਹੀ ਨਹੀਂ, ਭਾਵੇਂ ਕੋਈ ਲਖ ਕੋਟੀ ਕਰਮ ਕਮਾਵੇ। ਵਡੇ ਭਾਗਾਂ ਬਿਨਾਂ ਸਤਿਗੁਰੂ ਨਹੀਂ ਮਿਲਦਾ, ਭਾਵੇਂ ਸਤਿਗੁਰੂ ਨਿਤ ਨਿਕਟ ਹੀ ਘਰ ਬੈਠਿਆਂ ਦੇ ਪਾਸ ਹੀ ਵਸਦਾ ਹੋਵੇ। (ਜੈਸੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਘਰ ਘਰ ਅੰਦਰਿ ਬਿਰਾਜਮਾਨ ਹਨ)। ਜਿਨ੍ਹਾਂ ਨੂੰ ਨਿਤ ਨਿਕਟ ਘਰ ਵਸਦਾ ਸਤਿਗੁਰੂ ਪਾਸ ਬੈਠਿਆਂ ਭੀ ਨਹੀਂ ਦੀਹਦਾ, ਸਤਿਗੁਰੂ ਦੀ ਸੱਚੀ ਲਾਈਟ (Light), ਗੁਰ ਜੋਤਿ ਜਗੰਨਤ਼ੀ ਲਾਈਟ ਦੇ ਸਰੂਪ ਵਿਚ ਨਹੀਂ ਦਿਸਦਾ, ਉਨ੍ਹਾਂ ਦੇ ਅੰਤਰਿ ਅਗਿਆਨ ਦੁਖ ਭਰਮ ਭ੍ਰਾਂਤਿ ਦੇ ਛਉੜ ਛਾਏ ਹੋਏ ਹਨ, ਉਨ੍ਹਾਂ ਦੀ ਦ੍ਰਿਸ਼ਟੀ ਅੰਦਰਿ ਪੜਦਾ ਪਿਆ ਹੋਇਆ ਹੈ। ਜਿਸ ਨੂੰ ਨਿਕਟ ਵਸਦਾ 'ਨੇਰੈ ਹੀ ਤੇ ਨੇਰੈ' ਵਸਦਾ ਗੁਰੂ, ਸ੍ਰੀ ਗੁਰੂ, ਸਦਾ ਹਜ਼ੂਰ ਵਸਦਾ ਸਤਿਗੁਰੂ ਦੂਰ ਹੀ ਪਰਤੀਤ ਹੁੰਦਾ ਹੈ, ਸਤਿਗੁਰੂ ਭੇਟੇ ਬਿਨਾਂ ਇਹ ਤਿਮਰ ਦ੍ਰਿਸ਼ਟੀ ਦਿਬ ਦ੍ਰਿਸ਼ਟੀ ਨਹੀਂ ਹੁੰਦੀ। ਸਤਿਗੁਰੂ-ਪਾਰਸ ਦੇ ਭੇਟੇ ਬਿਨਾਂ ਮਨੂਰ ਮਨੂਆ ਮਨਮੁਖਾਂ ਦਾ ਕੰਚਨ ਨਹੀਂ ਹੁੰਦਾ। ਸਤਿਗੁਰੂ ਬੋਹਿਥ ਦੇ ਪਾਸ ਹੁੰਦਿਆਂ ਸੁੰਦਿਆਂ ਭੀ ਮਨਮੁਖ ਪੁਰਸ਼ ਬੇੜੀ ਦੇ ਮੁਢ ਹੀ ਡੁਬ ਮਰਦੇ ਹਨ, ਕਿਉਂਕਿ ਉਹ ਸਾਖਯਾਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਈਮਾਨ ਲਿਆਉਂਦੇ ਨਹੀਂ, ਦੇਹਧਾਰੀ ਗੁਰੂਆਂ ਦੁਆਰੇ ਭਟਕਦੇ ਫਿਰਦੇ ਹਨ, ਉਨ੍ਹਾਂ ਡੁਬਣਾ ਹੀ ਹੈ।

ਵਾਹਿਗੁਰੂ ਰੂਪੀ ਜਹਾਜ਼ ਤੇ ਚੜ੍ਹਨ ਲਈ ਸਤਿਗੁਰੂ ਰੂਪੀ ਬੇੜੀ ਹੀ ਸਹਾਈ ਹੈ, ਜੋ ਪੁਰਸ਼ ਸਤਿਗੁਰੂ ਦੇ ਹੁਕਮ ਰੂਪੀ ਭਾਣੇ ਅੰਦਰ ਚਲਦੇ ਹਨ ਅਤੇ ਸਤਿਗੁਰੂ ਨੂੰ ਮਨ ਬਚ ਕਰਮ ਕਰਕੇ ਸਤਿਗੁਰੂ ਰੂਪ ਹੀ ਮੰਨਦੇ ਹਨ, ਉਹ ਬੇੜੀ ਵਿਚ ਆ ਬੈਠਦੇ ਹਨ ਅਤੇ ਬੇੜੀ ਵਿਚ ਬੈਠ ਕੇ ਵਾਹਿਗੁਰੂ ਜਹਾਜ਼ ਵਿਚ ਅਸ-ਵਾਰ ਹੁੰਦੇ ਹਨ। ਉਹ ਵਡਭਾਗੀ ਧੰਨ ਧੰਨ ਹਨ ਜਿਨ੍ਹਾਂ ਨੂੰ ਸਤਿਗੁਰੂ ਸੱਚਾ, ਸਿਮਰਨ ਦੀ ਦਾਤਿ ਬਖ਼ਸ਼ ਕੇ ਵਾਹਿਗੁਰੂ ਨਾਲ ਮਿਲਾਇ ਲੈਂਦਾ ਹੈ। ਯਥਾ ਗੁਰਵਾਕ–

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥
ਬਿਨੁ ਸਤਿਗੁਰ ਹਰਿਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥



www.AKJ.Org

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥
[ਸਿਰੀਰਾਗੁ ਮ: ੪, ਪੰਨਾ ੪੦

## ਸਤਿਗੁਰੂ ਦੀ ਸੱਚੀ ਸੁੱਚੀ ਪਛਾਣ–

ਸਤਿਗੁਰੂ ਦੀ ਸੱਚੀ ਸੁੱਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿਗੁਣ ਰਵੀਦੇ ਹਨ, ਹਰਿਗੁਣ ਧਾਰੀਦੇ ਸੰਵਾਰੀਦੇ ਹਨ। ਜਿਸ ਨੂੰ ਭੇਟਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਉਣੀ ਪਾਰਸ ਪਰਸੀਦਾ ਹੈ। ਸੋਈ ਸਜਣ ਸੱਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਹੈ। ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੋਗੇ ਤਦੋਂ ਹੀ ਇਸ ਦੁਆਰਿਅਓਂ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ। ਯਥਾ ਗੁਰਵਾਕ :–

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ਰਹਾਉ॥... ...
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣੁ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥(੪॥੫॥੬੯)
[ਸਿਰੀਰਾਗੁ ਮ: ੪, ਪੰਨਾ ੪੧

ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥...॥੪॥੧॥੭੧॥
[ਸਿਰੀਰਾਗੁ ਮ: ੫ ਘਰੁ ੧, ਪੰਨਾ ੪੨

ਸਤਿਗੁਰੂ, ਮੇਰੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ। ਜੋ ਇਹਨਾਂ ਬਚਨਾਂ ਨੂੰ ਸੁਣਦਾ ਪੁਛਦਾ ਹੈ, ਸੋ ਹਰਿ-ਰਸ ਦੇ ਗਟਾਕ ਛਾਂਦੇ ਛਕਦਾ ਹੈ। ਐਰੇ ਗੈਰੇ ਅਲਪੱਗ ਗੁਰੂਆਂ ਵਾਲੇ ਅਰਲ ਬਰਲ ਕਚ-ਪਿਚੇ ਬਚਨ ਥੋੜੇ ਹਨ। ਇਨ੍ਹਾਂ ਦੇ ਸੁਣਨਹਾਰੇ ਭੀ ਕੱਚੇ, ਪੜ੍ਹਨਹਾਰੇ ਭੀ ਕੱਚੇ ਅਤੇ ਆਖ ਵਖਾਨਣਹਾਰੇ ਭੀ ਕੱਚੇ। ਕੋਈ ਵਡਭਾਗੀ ਜਨ ਹੀ ਵਿਰਲੇ ਗੁਰਮੁਖ ਖਾਲਸਾ ਹਨ ਜਿਨ੍ਹਾਂ ਨੇ ਸਤਿਗੁਰੂ ਦੇ ਬਚਨਾਂ ਦੇ ਸ਼ਰਧਾਲੂ ਅਤੇ ਅਨੁਸਾਰੀ ਹੋਇ ਕੇ (ਗੁਰ ਭਾਇ ਚਲ ਕੇ) ਹਰੀ ਰਸ ਦੇ ਅੰਮ੍ਰਿਤ ਗਟਾਕ ਭੁੰਚੇ ਹਨ। ਇਹ ਹਰਿ ਰਸ ਰੂਪੀ ਅੰਮ੍ਰਿਤ ਤਾਂ ਵਣ ਤ੍ਰਿਣ ਤ੍ਰਿਭਵਣ ਵਿਖੇ ਸਾਰੇ ਹੀ ਭਰਪੂਰ ਹੈ, ਪ੍ਰੰਤੂ ਭਾਗਹੀਣ ਤੋਂ ਭੁੰਚਿਆ ਨਹੀਂ ਜਾਂਦਾ। ਬਿਨਾਂ ਸਤਿਗੁਰੂ ਦੇ ਇਹ ਪਲੇ ਹੀ ਨਹੀਂ ਪੈਂਦਾ।

ਗੁਰਾਂ ਤੋਂ ਬੇਮੁਖ ਮਨਮਤਿ-ਧਾਰੀ ਨਿਗੁਰੇ ਪੁਰਸ਼ ਬਥੇਰੇ ਬਿਲਲਾਇ ਥਕੇ ਹਨ। ਉਹ ਸੱਚੇ ਸਤਿਗੁਰੂ ਅਗੇ ਨਿੰਵਦੇ ਨਹੀਂ। ਰਿਦਿਓਂ ਨਹੀਂ ਨਿਊਂਦੇ। ਰਿਦਿਓਂ ਤਾਂ ਤਦ ਨਿਵਣ ਜੇ ਉਹ ਸ੍ਰੀ ਦਸਮੇਸ਼ ਜੀ ਦੀ ਆਗਿਆ ਅਨੁਸਾਰ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਦਸਮੇਸ਼ ਜੀ ਦਾ ਥਾਪਿਆ ਟਿਕਿਆ ਹੋਇਆ ਗੁਰਦੇਵ ਗੁਰੂ, ਪ੍ਰਗਟ ਗੁਰਾਂ ਕੀ ਦੇਹ ਸਮਝਣ ਅਤੇ ਮਨ ਬਚ ਕਰਮ ਕਰਕੇ ਸਮਝਣ।


www.AKJ.Org

ਉਹ ਤਾਂ ਕਿਸੇ ਹੋਰ ਦੇਹਧਾਰੀ ਅਲਪਗ ਆਦਮੀ ਨੂੰ ਗੁਰੂ ਥਾਪੀ ਬੈਠੇ ਹਨ, ਯਾ ਖ਼ੁਦ ਸਿਮਰਨ-ਦਾਤੇ ਗੁਰੂ ਬਣੇ ਬੈਠੇ ਹਨ। ਉਨ੍ਹਾਂ ਦੇ ਅੰਦਰ ਗੁਰੂ, ਸੱਚੇ ਸਤਿਗੁਰੂ ਦੀ ਹਮਸਰੀ ਵਾਲਾ ਹੰਕਾਰ ਸ਼ਰੀਕਾ, ਈਰਖਾ ਅਤੇ ਈਰਖਾ ਤੋਂ ਉਪਜਿਆ ਕ੍ਰੋਧ ਸਮਾਇਆ ਹੁੰਦਾ ਹੈ। ਜੇ ਕੋਈ ਉਹਨਾਂ ਨੂੰ ਕਹੇ ਅਤੇ ਸੁਮੱਤੇ ਲਾਵੇ ਕਿ ਗੁਰੂ-ਡੰਮ ਵਾਲੀ ਏਸ ਰੋਗ ਬੀਮਾਰੀ ਤੋਂ ਅਰੋਗ ਹੋਣ ਦਾ ਹੀਲਾ ਕਰੋ ਤਾਂ ਉਹ ਸਗੋਂ ਹੋਰ ਕ੍ਰੋਧ ਕਰਦੇ ਹਨ ਅਤੇ ਕ੍ਰੋਧਤ ਹੋ ਕੇ ਅਗਿਓਂ ਹੋਰ ਕੁਬਚਨ ਬੋਲਣ ਲਗ ਜਾਂਦੇ ਹਨ। ਉਹਨਾਂ ਅੰਦਰ ਕ੍ਰੋਧ ਦੀ ਬਲਾ ਵਸੀ ਹੋਈ ਹੁੰਦੀ ਹੈ। ਕ੍ਰੋਧ ਰੂਪੀ ਬਲਾ ਦੇ ਗ੍ਰਸੇ ਹੋਏ ਮਤਹੀਣਾਂ ਦੀ ਮਤ ਮਾਰੀ ਜਾਂਦੀ ਹੈ। ਅਜਿਹੇ ਅਨੇਕਾਂ ਗੁਰ ਪੀਰ ਚੇਲੇ ਮੁਰੀਦ ਬਣ ਬੈਠੇ ਹਨ। ਪਰੰਤੂ ਵਾਹਿਗੁਰੂ ਨੂੰ ਮਿਲਾਵਣਹਾਰਾ ਸੱਚਾ ਸਜਣ ਪੁਰਖ ਇਕੋ ਸਤਿਗੁਰੂ ਸਚਾ ਪਾਤਸ਼ਾਹ ਹੈ। ਜਿਸ ਜੇਵਡ ਹੋਰ ਕੋਈ ਦੇਹਧਾਰੀ ਮਨੁਖ ਨਹੀਂ ਹੋ ਸਕਦਾ, ਭਾਵੇਂ ਲਖ ਪਰਪੰਚ ਰਚੇ, ਆਪਣੇ ਸਿਮਰਨ-ਦਾਤਾ ਹੋਣ ਦੀਆਂ ਲਖ ਰੀਸਾਂ ਕਰੇ।

ਸੱਚੇ ਗੁਰੂ ਦੇ ਬਚਨ ਦੀ ਵਡਿਆਈ ਫੇਰ ਇਸ ਬਿਧ ਗੁਰਬਾਣੀ ਅੰਦਰ ਗਾਈ ਗਈ ਹੈ। ਯਥਾ ਗੁਰਵਾਕ :—

> ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥ ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥ ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥ ੧ ॥ ਗੁਰ ਕੈ ਬਚਨਿ ਸੁਨਿ ਰਸਨ ਵਖਾਣੀ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥ ੨ ॥ ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥ ੩ ॥ ਗੁਰ ਕੈ ਬਚਨ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥ ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥੫॥ ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥੬॥ ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥੭॥ ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥

ਗਉੜੀ ਮ: ੫, ਪੰਨਾ ੨੩੯

ਇਸ ਗੁਰਵਾਕ ਦੀ ਪਿਛਲੀ ਤੁਕ ਪਹਿਲਾਂ ਲਵੋ। ਪੰਚਮ ਸਤਿਗੁਰੂ ਨਾਨਕ ਸਾਹਿਬ ਨੇ ਗੁਰੂ ਦਾ ਦਰਜਾ ਪਾਰਬ੍ਰਹਮ ਸਦਰਸ ਰਖਿਆ। ਕੀ ਜਣਾ ਖਣਾ ਆਪੋਂ ਬਣ ਬੈਠਾ ਗੁਰੂ ਯਾ ਗੁਰੂਡੰਮੀਆਂ ਦਾ ਖ਼ੁਦਸਾਖ਼ਤਾ ਗੁਰੂ ਏਸ ਦਰਜੇ ਨੂੰ ਪਹੁੰਚ ਸਕਦਾ ਹੈ? ਹਰਗਿਜ਼ ਨਹੀਂ। ਸੋਈ ਪਹੁੰਚੇ, ਜਿਸ ਨੂੰ ਆਪ ਸਤਿਗੁਰੂ ਟਿਕੇ ਯਾ ਆਪ ਅਕਾਲ ਪੁਰਖ ਥਾਪੇ। ਐਸੇ ਪਾਰਬ੍ਰਹਮ ਸੇਤੀ ਇਕ-ਮਿਕ ਹੋਏ ਗੁਰੂ ਕੇ ਬਚਨ ਦੀ ਮਹਿਮਾ ਉਪਰਲੇ ਗੁਰਵਾਕ ਅੰਦਰ ਵਰਣਨ ਹੈ। ਗੁਰੂ ਕਾ ਬਚਨ, ਗੁਰਬਚਨ ਪਾਲਣ-ਹਾਰਿਆਂ ਦੀ ਪੂਰਨ ਪੈਜ ਰਖਾਵਣਹਾਰ ਹੈ। ਗੁਰੂ ਕੇ ਬਚਨ ਦੀ ਬਰਕਤ ਨਾਲ ਹੀ ਨਾਮ ਧਿਆਇਆ ਜਾ ਸਕਦਾ ਹੈ। ਨਹੀਂ ਤਾਂ ਨਾਮ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ। ਗੁਰੂ ਦੇ ਪਰਸਾਦ ਕਰਕੇ ਹੀ ਗੁਰੂ ਕੇ ਬਚਨ ਵਿਖੇ ਦ੍ਰਿੜ੍ਹਤਾ ਮਈ ਇਸਥਿਤੀ ਹੁੰਦੀ ਹੈ। ਗੁਰੂ ਕੇ ਬਚਨ ਨੂੰ ਸੁਣ ਕੇ ਹੀ ਸਤਿਗੁਰੂ ਦੀ ਦਿੱਤੀ ਸਿਮਰਨ-ਦਾਤਿ ਨੂੰ ਰਸਨਾ ਰਟਨ ਅਭਿਆਸ ਦੀ ਵਿਖਿਆਤ ਕਮਾਈ ਕਰ ਸਕਦੀ ਹੈ। ਗੁਰ ਬਚਨ ਦੀਆਂ ਕਮਾਈਆਂ ਕਰ ਕਰ ਕੇ ਹੀ ਗੁਰੂ ਦੀ ਐਸੀ ਕਿਰਪਾ ਹੋਇ ਆਉਂਦੀ ਹੈ ਕਿ ਸਿਲ ਅਲੂਣੀ ਚਾਟ ਵਾਲਾ ਨਾਮ, ਅੰਮ੍ਰਿਤ ਰਸ ਰਸੰਨਾ ਹੋਇ ਵਿਗਸਦਾ ਹੈ। ਗੁਰੂ ਦੇ ਬਚਨ ਦੇ ਪਰਤਾਪ ਕਰਿ ਹੀ ਪ੍ਰਾਣੀਆਂ ਦਾ ਆਪਾ ਭਾਵ ਵਾਲਾ ਹਉਮੈ-ਰੋਗ ਚੁਕਿਆ ਜਾਂਦਾ ਹੈ।



www.AKJ.Org

ਵੇਦਾਂਤ ਦੇ ਪਾਹ ਨਾਲ ਪਾਹੇ ਹੋਏ ਕਈ ਇਕ ਗੁਰਮਤਿ ਗਿਰਾਹੀ ਭੀ ਆਪੇ ਨੂੰ ਜਫਾ ਮਾਰ ਬੈਠਦੇ ਹਨ ਅਤੇ ਆਪਾ ਪਛਾਨਣ ਉਤੇ ਹੀ ਜ਼ੋਰ ਦਿੰਦੇ ਹਨ। ਆਪਾ ਤਾਂ ਸਾਰੀ ਹਉਮੈ ਹੈ, ਜਦੋਂ ਨਾਮ ਕਮਾਈ ਦੁਆਰਾ ਆਪਾ ਬਿਨਸ ਗਿਆ ਤਾਂ ਆਪੇ ਦਾ ਅਭਾਵ ਹੋ ਗਿਆ। ਉਥੇ ਤਾਂ ਜੋਤਿ ਸਰੂਪ ਦੇ ਹੀ ਦਰਸ਼ਨ ਹਨ। ਆਪੇ ਨੂੰ ਜਫਾ ਪਾਉਣ ਦੀਆਂ ਵਹਿਦਤਾਂ ਉਥੇ ਕਿਥੇ ? ਜੋਤਿ ਸਰੂਪ ਨੂੰ ਚੀਨਣਾ ਆਪਾ ਚੀਨਣਾ ਨਹੀਂ ਹੈ। ਇਹ ਚੀਨਣਾ ਕਿ ਆਤਮਾ ਪਰਮਾਤਮਾ ਦੀ ਅੰਸ਼ ਹੈ, ਇਹ ਆਪੇ ਦਾ ਅਸਲ ਚੀਨਣਾ ਹੈ। ਇਸ ਬਿਧਿ ਆਪਾ ਚੀਨੇ ਬਿਨਾਂ ਭਰਮ ਦੀ ਕਾਈ ਨਹੀਂ ਮਿਟਦੀ। ਪਰੰਤੂ ਪਾਰਬ੍ਰਹਮ ਪਰਮਾਤਮਾ ਦੇ ਪਛਾਨਣ ਨੂੰ ਹੀ ਆਪਾ ਚੀਨਣਾ ਦਸਣਾ ਪਰਮ ਭੁੱਲ ਹੈ। ਆਪੇ ਦਾ ਅੰਸ਼ ਜੋਤਿ ਸਰੂਪ ਦੇ ਮੂਲ ਵਿਚ ਹੈ। ਗੁਰਸਿਖਾਂ ਨੇ ਜੋਤਿ ਸਰੂਪੀ ਮੂਲ ਨੂੰ ਪਛਾਨਣਾ ਹੈ ਅਤੇ ਆਪੇ ਨੂੰ ਹੀ ਮੰਨਣਾ ਹੈ। ਪਰੰਤੂ ਇਹ ਗੁਰ ਪ੍ਰਸਾਦਿ ਗੁਰ ਕੇ ਬਚਨ ਦੁਆਰਾ ਹੀ ਪਛਾਣਿਆ ਜਾ ਸਕਦਾ ਹੈ, ਆਪੇ ਨਹੀਂ।

ਜਦੋਂ ਆਪਾ ਭਾਵ ਮਿਟ ਜਾਂਦਾ ਹੈ ਤਦੋਂ ਗੁਰੂ ਦੀ ਅਪਾਰ ਦਇਆ ਹੋ ਜਾਂਦੀ ਹੈ ਅਤੇ ਗੁਰੂ ਦੀ ਅਪਾਰ ਦਇਆ ਦੇ ਕਾਰਨ ਗੁਰਬਚਨ ਕਮਾਵਣਹਾਰੇ ਦਾ ਪ੍ਰਤਾਪ ਭੀ ਵਡਾ ਹੋ ਜਾਂਦਾ ਹੈ, ਪਰ ਏਵਡ ਵਡਾ ਪ੍ਰਤਾਪ ਨਹੀਂ ਕਿ ਉਹ ਖ਼ੁਦ ਸਿਮਰਨ-ਦਾਤਾ ਸਤਿਗੁਰੂ ਹੀ ਬਣ ਬੈਠੇ। ਏਸ ਭਰਮ-ਭੁਲਾਵੇ ਵਿਚ ਉਹ ਪੈਂਦਾ ਹੀ ਨਹੀਂ, ਬਲਕਿ ਅਗਲੀ ਗੁਰ ਪੰਗਤੀ ਦਸਦੀ ਹੈ ਕਿ ਗੁਰ ਦੇ ਬਚਨ ਦੀ ਬਰਕਤ ਨਾਲ ਆਪਣੇ ਆਪ ਨੂੰ ਵਡੇ ਮੰਨਣ ਵਾਲਾ ਸੂਖਸ਼ਮ ਹੰਕਾਰਮਈ ਭਰਮ ਭੀ ਮਿਟ ਜਾਂਦਾ ਹੈ, ਸਗੋਂ ਗੁਰ ਕੇ ਬਚਨ ਤੋਂ ਹੀ ਸਭ ਪ੍ਰਤਾਪ ਪ੍ਰਤੀਤ ਹੁੰਦਾ ਹੈ। ਗੁਰੂ ਦੇ ਬਚਨ ਦੇ ਪ੍ਰਤਾਪ ਨਾਲ ਪਾਰਬ੍ਰਹਮ ਪਰਤੱਖ ਹੋਇ ਆਂਵਦਾ ਹੈ। ਬਸ ਬ੍ਰਹਮ ਹੀ ਬ੍ਰਹਮ ਪੇਖਣ ਵਿਚ ਆਉਂਦਾ ਹੈ।

ਗੁਰੂ ਦੇ ਬਚਨ ਦੇ ਬਲ ਨਾਲ ਰਾਜ ਜੋਗ ਮਾਨਣ ਦੀ ਸਮਰੱਥਾ ਬਣ ਆਉਂਦੀ ਹੈ। ਗੁਰੂ ਦੀ ਸੰਗਤ ਕਰਕੇ ਹੀ ਸਾਰੀ ਲੁਕਾਈ ਦਾ ਨਿਸਤਾਰਾ ਹੁੰਦਾ ਹੈ। ਗੁਰੂ ਦੇ ਬਚਨ ਨਾਲ ਗੁਰਬਚਨ ਕਮਾਵਣਹਾਰੇ ਦੇ ਸਾਰੇ ਕਾਰਜ ਸਿਧ ਹੁੰਦੇ ਹਨ। ਗੁਰੂ ਦੇ ਬਚਨ ਦੇ ਪ੍ਰਸਾਦ ਕਰਿ ਹੀ ਨਾਮ ਰੂਪੀ ਨਿਧੀ ਹਾਸਲ ਹੁੰਦੀ ਹੈ। ਜਿਸ ਕਿਸੇ ਨੇ ਭੀ ਮਨ ਬਚ ਕਰਕੇ ਸੱਚੇ ਸਤਿਗੁਰੂ ਉਤੇ ਆਸ਼ਾ ਭਰੋਸਾ ਭਾਵਨੀ ਸ਼ਰਧਾ ਰਖੀ ਹੈ ਤਿਸ ਤਿਸ ਦੀ ਜਮ ਦੀ ਫਾਸ ਕਟੀ ਗਈ ਹੈ। ਗੁਰੂ ਕੇ ਬਚਨ ਦੇ ਬਲ ਨਾਲ ਹੀ ਗੁਰਬਚਨ ਕਮਾਵਣਹਾਰੇ ਦਾ ਪੂਰਬਲਾ ਕਰਮ ਜਾਗ ਪੈਂਦਾ ਹੈ ਅਤੇ ਓਹ ਪਾਰਬ੍ਰਹਮ ਨੂੰ ਭੇਟਣਹਾਰਾ ਸਚਿਆਰ ਗੁਰਸਿਖ ਬਣ ਜਾਂਦਾ ਹੈ। ਇਹ ਸਭ ਵਡਿਆਈ ਸਤਿਗੁਰੂ ਦਾਤਾਰ ਦੀ ਦਿਤੀ ਸਿਮਰਨ-ਦਾਤਿ-ਕਲਾ ਨੂੰ ਹੈ। ਸਿਮਰਨ-ਦਾਤਿ ਦੀ ਕਲਾ ਕੇਵਲ ਕਲਾਧਾਰੀ ਸਤਿਗੁਰੂ ਹੀ ਵਰਤਾ ਸਕਦਾ ਹੈ। ਸਿਮਰਨ-ਦਾਤਿ-ਕਲਾ ਦੀ ਸਮਰੱਥਾ ਤੋਂ ਹੀਨ ਦੇਹਧਾਰੀ ਗੁਰੂ-ਡੰਮੀਆਂ ਨੂੰ ਐਵੇਂ ਅਣਹੋਇਆ ਮੇਨੀਆ ਗੁਰੂ ਬਣ ਬਹਿਣ ਦਾ ਲਗਾ ਹੋਇਆ ਹੈ। ਅਜਿਹੇ ਗੁਰੂ ਬਣਾਉਣ ਦੇ ਠੇਕੇਦਾਰ ਗੁਰੂ-ਮੇਕਰਾਂ (Guru makers) ਦਾ ਭੀ ਜੇ ਗੁਰੂ ਬਣਾਉਣ ਵਾਲਾ ਝਸ ਮੇਨੀਆ ਪੂਰਾ ਹੁੰਦਾ ਨਾ ਦਿਸੇ, ਯਾ ਉਸ ਵਿਚ ਕੋਈ ਠੇਸ ਲਗੇ ਤਾਂ ਉਹ ਭੂਹੇ ਹੋ ਹੋ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਸਤਿਗੁਰੂ ਸੱਚਾ ਪਾਤਸ਼ਾਹ ਉਹਨਾਂ ਨੂੰ ਸੁਮੱਤ ਬਖਸ਼ੇ ਅਤੇ ਦੀਰਘ ਸਹਿਨ-ਸ਼ੀਲਤਾ ਵਾਲਾ ਗੁਰਮਤਿ ਬਿਬੇਕ ਵੀਚਾਰ ਪਰਦਾਨ ਕਰੇ।

ਗੁਰੂ ਕੇ ਬਚਨ ਵਿਚ ਹੀ ਇਹ ਸਤਿਆ ਹੈ, ਜੈਸੀ ਕਿ ਪਿਛੇ ਦਿਤੇ ਗੁਰਪ੍ਰਮਾਣ ਨੇ ਦਰਸਾਈ ਹੈ। ਗੁਰੂ ਕੇ ਬਚਨ ਹੀ ਅਮੋਘ ਖਾਣ ਹਨ। ਅੱਜ ਕਲ੍ਹ ਦੇ ਅਨਜਾਣ ਮਨੁਖ ਸਾਧਾਂ ਸੰਤਾਂ ਨੂੰ ਗੁਰੂ ਡੰਮ ਦਾ ਧਨੇਸ਼ੂ ਥਾਪ ਕੇ ਉਹਨਾਂ ਪਾਸੋਂ ਗੁਰੂ ਸਦਰਸ ਬਚਨਾਂ ਦੀ ਸਿਧੀ ਮੰਗਦੇ ਹਨ। ਉਹ ਧਨੇਸ਼ੂ ਭੀ ਵਡਿਆਈ ਨਾਲ ਫੁਲ ਫੁਲ ਕੇ ਅਤੇ ਧਨੇਸ਼ੂਪਣੇ ਦੇ ਅਣਹੋਏ ਅਕੜੇਵੇਂ ਵਿਚ ਆਕੜ ਕੇ ਬਚਨ-ਦਾਤੇ ਬਣ ਬਹਿੰਦੇ ਹਨ ਅਤੇ ਸੱਚੇ ਗੁਰੂਆਂ ਦੀ ਰੀਸ ਦਾ ਕੁਚੱਜ ਕਰ ਲੈਂਦੇ ਹਨ, ਪਰ ਉਹਨਾਂ ਤੋਂ ਸਰਦਾ



www.AKJ.Org

ਪੁਜਦਾ ਕੁਛ ਨਹੀਂ। ਬਪੁੜੇ ਲੋਕੀਂ ਉਹਨਾਂ ਦੀ ਹਉਮੈ ਹੀ ਵਧਾਉਂਦੇ ਹਨ ਅਤੇ ਫੋਕੀਆਂ ਸੁਆਰਥ ਭਰੀਆਂ ਦੁਕਾਨਦਾਰੀਆਂ ਚਲਾਉਂਦੇ ਹਨ। ਦੇਹਧਾਰੀ ਅਲਪੱਗ ਗੁਰੂਆਂ ਦੇ ਮੂੰਹਾਂ ਵਿਚੋਂ ਨਿਕਲੇ, ਫੋਕੇ ਕਚਪਿਚੇ ,ਬਚਨ ਕਦੇ ਗੁਰੂ ਦੇ ਅਮੋਘ ਬਾਣ-ਬਚਨਾਂ ਦੇ ਤੁਲ ਹੋ ਸਕਦੇ ਹਨ? ਕਦਾਚਿਤ ਨਹੀਂ। ਨਾਮ ਅਭਿਆਸ ਦੀ ਅਗਾਧ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਸੁਤੇ ਸਿਧ ਹੀ ਬਚਨਾਂ ਦੀ ਸਿਧੀ ਹੋ ਆਉਂਦੀ ਹੈ, ਪਰ ਉਹ ਇਸ ਨੂੰ ਵਰਤਦੇ ਨਹੀਂ, ਵਰਤਣ ਨੂੰ ਸਗੋਂ ਮਨਮਤਿ ਸਮਝਦੇ ਹਨ। ਜਿਨ੍ਹਾਂ ਨੇ ਤਨਕ ਮਾਤਰ ਸਿਧੀ ਨੂੰ ਪਾ ਕੇ ਵਰਤਣ ਦਾ ਜੰਜਾਲ ਸਹੇੜ ਲਿਆ, ਉਹ ਬਸ ਏਧਰ ਹੀ ਰੁੜ੍ਹ ਗਏ। ਉਹਨਾਂ ਦਾ ਪ੍ਰਮਾਰਥ ਗਿਆ ਗਵਾਤਾ ਹੋ ਗਿਆ, ਓੜਕ ਉਹ ਫੋਕੇ ਬੁਝ-ਬੁਝੱਕੜ ਹੀ ਰਹਿ ਗਏ। ਗੁਰੂ ਦਾ ਤੱਤ ਬਚਨ ਨਾਮ ਗੁਰਮੰਤਰ ਹੈ। ਇਸ ਗੁਰਮੰਤਰ ਰੂਪੀ ਗੁਰਬਚਨ ਦੀ ਹੀ ਮਹਿਮਾ ਪਿਛੇ ਦਿਤੇ ਗੁਰਵਾਕ ਅੰਦਰ ਵਰਤੀ ਗਈ ਹੈ। ਇਸ ਮਹਾਂ ਮੰਤਰ ਦੇ ਮੁਕਾਬਲੇ ਵਿਚ ਕੱਚੇ ਗੁਰੂ ਕੱਚੇ ਬਚਨਾਂ ਦੇ ਹਲਦੀ ਦੀ ਗੰਠੀ ਵਾਂਗ ਪਨਸਾਰੀ ਬਣ ਬਹਿੰਦੇ ਹਨ। ਸੰਸਾਰ ਦੇ ਸੁਾਰਥੀਆਂ ਦੀ ਅਜਿਹੇ ਬਚਨ-ਵਰ ਦੇਣ ਵਾਲੇ ਹਲਦੀ-ਗੰਠੀ-ਪਨਸਾਰੀਆਂ ਪਾਸੋਂ ਹੀ ਧਤ ਪੂਰੀ ਹੁੰਦੀ ਹੈ। ਬਚਨਾਂ ਸਿਰ ਬਚਨ ਗੁਰੂ ਕਾ ਸ਼ਬਦ ਗੁਰਮੰਤਰ ਹੈ ਅਤੇ ਤੱਤ ਬਚਨ ਸਿਧੀ ਗੁਰੂ ਹੁਕਮਾਂ ਰੂਪ ਬਚਨ ਨੂੰ ਕਮਾਉਣ ਵਿਚ, ਅਰਥਾਤ ਗੁਰ ਸ਼ਬਦ ਗੁਰਮੰਤਰ ਦੀ ਕਮਾਈ ਵਿਚ ਹੈ। ਇਸ ਤੋਂ ਬਿਨਾਂ ਹੋਰ ਰਿਧ ਸਿਧ ਸਭ ਮੋਹ ਰੂਪ ਹੈ, ਜਿਸ ਦੇ ਵਿਚ ਖਚਤ ਹੋਣ ਕਰਿ ਨਮੂਦ ਮਾਤਰ ਨਿੰਮ੍ਹਿਆ ਨਾਮ ਭੀ ਮਨ ਵਿਚੋਂ ਨਿਕਲ ਜਾਂਦਾ ਹੈ। ਯਥਾ ਗੁਰਵਾਕ :—

ਰਿਧਿ ਸਿਧ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ...॥੧॥ (੧੯)

ਸਲੋਕੁ ਮ: ੩, ਵਡਹੰਸ ਕੀ ਵਾਰ, ਪੰਨਾ ੫੯੩

ਜਿਨ੍ਹਾਂ ਦੇ ਅੰਦਰ ਨਾਮ ਵਸ ਰਸ ਗਿਆ, ਜਿਨ੍ਹਾਂ ਦੇ ਅੰਦਰ ਨਾਮ ਦਾ ਅੰਤਰ-ਨਿਵਾਰਨੀ ਰਸ ਆ ਗਿਆ ਹੈ, ਤਿਨ੍ਹਾਂ ਨੂੰ ਰਿਧਿ ਸਿਧ ਦੀ ਕੁਚੇਸ਼ਟਾ ਹੀ ਨਹੀਂ ਵਿਆਪਦੀ। ਦਾਤੇ ਦੇ ਰਚਿਤ ਜੀਵ ਅਲਪੱਗ ਮਨੁੱਖ, ਦਾਤੇ ਦੀਆਂ ਦਿਤੀਆਂ ਦਾਤਾਂ ਦੀ ਸੰਭਾਲ ਤਾਂ ਕਰ ਸਕਦੇ ਨਹੀਂ, ਹੋਰ ਅਲਪੱਗ ਦਾਤਿ-ਮੰਗਤਿਆਂ ਦੀਆਂ ਫੁਲੌਹਣੀਆਂ ਦੇ ਫੁਲਾਏ ਬਫਾਏ ਹੋਏ ਅਣਹੋਏ ਦਾਤੇ ਬਣ ਬਣ ਬਹਿੰਦੇ ਹਨ। ਰਿਜ਼ਕ ਦਾ ਦਾਤਾ, ਦੁੱਧ ਪੁੱਤ ਦਾ ਦਾਤਾ, ਸੁਆਰਥ ਪਰਮਾਰਥ ਸਿਧੀ ਦਾ ਦਾਤਾ, ਧਰਮ ਅਰਥ ਕਾਮ ਮੋਖ ਦਾ ਦਾਤਾ ਆਪ ਗੁਰੂ ਕਰਤਾਰ ਹੈ। ਜੀਅ ਜੀਵਨ ਦਾ ਦਾਤਾ, ਮਨੁੱਖ ਜਨਮ ਦਾ ਦਾਤਾ ਭੀ ਆਪ ਦਾਤਾਰ ਸਤਿਗੁਰੂ ਨਿਰੰਕਾਰ ਹੀ ਹੈ। ਪਰ ਇਹ ਦਾਤਿ ਰੂਪ ਮਨੁਖ ਜੀਵੜੇ ਮੰਗਤੇ, ਇਹਨਾਂ ਸਭ ਵਸਤੂਆਂ ਦੇ ਦਾਤੇ ਆਪਣੇ ਆਪ ਨੂੰ ਹੀ ਕਿਆਸ ਕਰ ਬਹਿੰਦੇ ਹਨ। ਕਿਤਨੀ ਰਸਾਤਲ ਨੂੰ ਜਾਣ ਵਾਲੀ ਗੱਲ ਹੈ। ਖਾਸ ਕਰ ਸਭ ਤੋਂ ਵਡੀ ਦਾਤਿ ਸਿਮਰਨ ਦਾਤਿ ਦਾ ਦਾਤਾਰ ਬਣ ਬੈਠਣਾ ਤਾਂ ਅਲਪੱਗ ਮਨੁਖ ਲਈ ਅਤੀਅੰਤ ਹੀ ਰੋੜ੍ਹਨ ਅਤੇ ਗਈ ਨਾ ਬਹੋੜਨ ਵਾਲੀ ਗੱਲ ਹੈ।

ਨਾਮ ਰੂਪੀ ਸੱਚਾ ਨਿਧਾਨ ਸਤਿਗੁਰੂ ਸਰਬੱਗ ਦੇ ਦਿਬ ਦੈਵੀ ਸਰੂਪ ਦੇ ਅੰਦਰ ਹੈ। ਇਹ ਨਾਮ ਰੂਪੀ ਨਿਧਾਨ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ, ਪਰ ਕਰਮਾਂ ਸੇਤੀ ਹੁੰਦਾ ਹੈ। ਗੁਰਮੁਖ ਸੇਵਕ ਸਿਖ ਸੰਤ ਜਨ ਸਤਿਗੁਰਾਂ ਪਾਸੋਂ ਨਾਮ ਦੀ ਦਾਤਿ ਲੈ ਕੇ ਖ਼ੁਦ ਨਾਮ ਦੇ ਦਾਤੇ ਨਹੀਂ ਬਣ ਬੈਠਦੇ, ਉਹ ਤਾਂ ਸਤਿਗੁਰੂ ਦਾਤਾਰ ਪਾਸੋਂ ਸ਼ਬਦ ਸਿਮਰਨ ਦੀ ਦਾਤਿ ਲੈ ਕੇ, ਇਸ ਦਾਤਿ-ਕਮਾਈ ਦੀ ਪਾਰਸ-ਕਲਾ ਨਾਲ ਪਰਸਤ ਹੋ ਕੇ ਸ਼ਬਦ-ਰੰਗਾਂ ਦੀ ਸੱਚੀ ਰੰਗਣ ਵਿਚ ਰੰਗੇ ਜਾਂਦੇ ਹਨ ਅਤੇ ਸੱਚੀ ਅਤੇ ਸਦੀਵ ਲਿਵਲੀਨਤਾ ਨੂੰ ਪ੍ਰਾਪਤ ਹੋ ਜਾਂਦੇ ਹਨ। ਲਿਵਲੀਨ ਹੋ ਕੇ ਭੀ ਸਿਮਰਨ-ਦਾਤਿ ਸਿਮਰਾਉਣ ਦੇ ਅਧਿਕਾਰੀ ਦਾਅਵੇਦਾਰ ਨਹੀਂ ਬਣਦੇ। ਯਥਾ ਗੁਰਵਾਕ :—



www.AKJ.Org

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ..॥੧॥ (੧੪)
ਸਲੋਕੁ ਮ: ੩, ਸਿਰੀਰਾਗ ਕੀ ਵਾਰ, ਪੰਨਾ ੮੮

## ਸਿਖ ਰੂਪ ਸੰਤ-ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ -

ਸਿਖ ਰੂਪ ਸੰਤ ਸਾਧ ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ। ਸਤਿਗੁਰੂ ਰੂਪ ਸਾਧ ਸੰਤ ਹੀ ਸਿਮਰਨ-ਦਾਤੇ ਹਨ। ਸਿਮਰਨ-ਦਾਤੇ ਐਸੇ ਸਤਿਗੁਰੂ ਰੂਪ ਸਾਧ ਜਾਮੇ, ਬਸ ਕੇਵਲ ਦਸੇ ਗੁਰੂ ਪਾਤਸ਼ਾਹੀ ਜਾਮੇ ਹੀ ਹਨ। ਹੋਰ ਕੋਈ ਇਕ ਇਕੱਲਾ ਦੇਹ-ਧਾਰੀ ਸਾਧ ਸੰਤ ਗੁਰੂ ਸਦਰਸ ਨਹੀਂ ਹੋ ਸਕਦਾ। ਪੰਚ ਪਰਵਾਨ ਜਨਾਂ ਦੇ ਅੰਦਰ ਗੁਰੂ-ਜੋਤਿ-ਕਲਾ ਵਰਤਦੀ ਹੈ, ਪਰ ਇਹਨਾਂ ਪੰਚਾਂ ਦੁਆਰਾ ਗੁਰੂ ਕਲਾ ਵਰਤਦੀ ਹੈ ਕੇਵਲ ਦਸਾਂ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ। ਐਸੇ ਸਤਿਗੁਰੂ ਰੂਪ ਸਾਧਾਂ ਦੀ ਕੀ ਨਿਸ਼ਾਨੀ ਹੈ। ਯਥਾ ਗੁਰਵਾਕ :—

ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥ ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥ ੧ ॥ ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ ॥ ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ ॥ ੨ ॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥ ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥ ੩ ॥ (੪॥੨॥੬)

[ਭੈਰਉ ਮ: ੪, ਪੰਨਾ ੧੧੩੫

ਸਾਧ ਪਦ ਇਸ ਗੁਰਵਾਕ ਅੰਦਰ ਗੁਰੂ ਪ੍ਰਥਾਇ ਵਰਤਿਆ ਗਿਆ ਹੈ, ਜੈਸੇ ਕਿ ਹੋਰ ਅਨੇਕ ਗੁਰਵਾਕਾਂ ਅੰਦਰਿ ਅਕਸਰ ਐਸੀ ਵਰਤੋਂ ਹੈ। ਸਤਿਗੁਰੂ ਰੂਪ, ਦਸ ਜਾਮਿਆਂ ਵਿਚ ਹੀ ਹੋਇ ਹਨ। ਦਸਾਂ ਗੁਰੂ ਜਾਮਿਆਂ ਦਾ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਜੁਗ ਜੁਗ ਅਵਤਾਰੀ ਗੁਰੂ ਸਾਧ, ਸਦਾ ਸਹਿਜ-ਸਮਾਧੀ ਵਿਚ ਅਸਥਿਤ ਗੁਰੂ-ਸਾਧ ਰੂਪ ਪ੍ਰਗਟ ਹੋਇਆ। ਇਹਨਾਂ ਗੁਰੂ ਜਾਮਿਆਂ ਤੋਂ ਪਹਿਲਾਂ ਧਰਮ-ਧਰਾ ਨੂੰ ਥੰਮ੍ਹਣਹਾਰਾ ਨਾ ਕੋਈ ਗੁਰੂ ਸਾਧ ਹੋਇਆ ਨਾ ਹੋਸੀ। ਗੁਰੂ ਮਿਲਾਪ ਦੇ ਸਰਧਾਵਾਨ ਤੇ ਸਿਖ ਯਾਚਕਾਂ ਨੂੰ ਗੁਰੂ-ਸਾਧ ਸਰੂਪ ਦੇ ਤੇਜ ਪੁੰਜ ਜੋਤਿ ਕੁੰਜ ਦਰਸ਼ਨ ਯਥਾ ਅਧਿਕਾਰ ਸਮੇਂ ਹੀ ਹੋਏ ਹਨ, ਹੋ ਰਹੇ ਹਨ ਅਤੇ ਹੁੰਦੇ ਰਹਿਣਗੇ। ਐਸੇ ਸਾਧੂ, ਜਿਨ੍ਹਾਂ ਦੀ ਦਰਸ਼ਨ-ਯਾਚਨਾ ਦੇ ਚਿੰਤਨ ਰੂਪੀ ਯਾਦ ਜਾਪ ਦੀ ਬਰਕਤ ਨਾਲ, ਯਾਚਕਾਂ ਦੀ ਗਤੀ ਹੋ ਜਾਂਦੀ ਹੈ, ਕੇਵਲ ਸਤਿਗੁਰੂ ਰੂਪੀ ਸਾਧ ਹੀ ਹਨ। ਸਤਿਗੁਰੂ ਸਾਧ ਦਾ ਇਕ ਵਾਰ ਰਿਦੰਤਰਿ ਝਲਕਿਆ ਦਰਸ਼ਨ-ਝਲਕਾ, ਇਕ ਵਾਰ ਦੇ ਮਿਲਾਪ ਦਾ ਦਰਸ਼ਨ ਝਲਕਾ ਬਹੁਰਿ ਬਹੁਰਿ ਮਿਲਣ ਲਈ ਕੇਵਲ ਦਰਸ਼ਨ ਦੀ ਯਾਦ ਦੇ ਜਪ ਦਾ ਹੀ ਦਰਕਾਰੀ ਹੈ। "ਤਿਨ ਸਿਮਰਤ ਗਤਿ ਹੋਇ ਹਮਾਰੀ" ਵਾਲੀ ਸੰਪੂਰਨ ਘਟਨਾ ਸਾਧ-ਗੁਰੂ ਦੇ ਜਪਿਆਂ ਹੀ ਘਟਦੀ ਹੈ, ਗੁਰੂ ਗੁਰੂ ਜਪਣ ਨਾਲ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਗੁਰੂ ਗੁਰੂ ਜਾਪ ਅਭਿਆਸ ਦੀ ਪਾਰਸ ਕਮਾਈ ਗੁਰੂ ਦਰਸ਼ਨ ਦਰਸਾਉਣ ਨੂੰ ਪਾਰਜਾਤ ਹੈ। ਗੁਰੂ ਗੁਰੂ ਜਪਿਆਂ ਗਤੀ ਹੁੰਦੀ ਹੈ, ਗੁਰੂ ਗੁਰੂ ਰੂਪੀ ਪੂਰੇ ਸ਼ਬਦ ਦੀ ਜਾਪ ਸਕਤਿ ਨਾਲ, ਪੂਰੇ ਗੁਰੂ ਦੀ ਸਿਫਤ-ਸਲਾਹ, ਜਾਪ ਦੁਆਰਾ ਵਾਹਿਗੁਰੂ ਅਤੇ ਵਾਹਿਗੁਰੂ ਨਾਲ ਅਭੇਦ ਸਤਿਗੁਰੂ ਜੀ ਦਾ ਜੋਤਿ-ਮਿਲਾਵਾ ਹੋ ਜਾਂਦਾ ਹੈ। ਸਤਿਗੁਰੂ ਸਾਧ ਦਾ ਦਰਸ਼ਨ ਦੇਖਦਿਆਂ ਦਰਸ ਮਾਤਰ ਸ਼ਰਧਾਲੂਆਂ ਦੇ ਰਿਦੰਤਰ ਹਰਿ ਜੋਤਿ ਦਾ ਵਿਗਾਸ ਹੋ ਜਾਂਦਾ ਹੈ। ਐਸੇ ਸਤਿਗੁਰੂ ਦੀ ਸਿਮਰਨ ਸੇਵਾ ਪੂਜਾ ਹੀ ਗਤਿ ਕਲਿਆਨ-ਕਾਰਕ ਹੈ।



www.AKJ.Org

ਜਿਨ੍ਹਾਂ ਨੇ ਐਸੇ ਸਤਿਗੁਰੂ ਸਾਧ ਦਸੋਂ ਗੁਰੂ ਜੋਤਿ ਜਾਮਿਆਂ ਦੇ ਜ਼ਾਹਰਾ ਜ਼ਹੂਰ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ ਸੋ ਸਭ ਨਿਗੁਰੇ ਹਨ। ਤਿਨ੍ਹਾਂ ਨਿਗੁਰਿਆਂ ਨੂੰ ਹਰਿ ਦਰਗਹਿ ਢੋਈ ਨਹੀਂ। ਤਿਨ੍ਹਾਂ ਨਿਗੁਰਿਆਂ ਨੂੰ, ਆਪੇ ਬਣਿ ਬਣਿ ਬੈਠਣਹਾਰੇ ਗੁਰੂਆਂ ਨੂੰ ਅਗੇ ਜਾ ਕੇ ਜਮਾਂ ਦੀ ਮਾਰ ਪਏਗੀ ਅਤੇ ਮਾਰ ਮਾਰ ਕੇ ਕਢੇ ਜਾਣਗੇ, ਸੱਚੀ ਦਰਗਾਹੇ ਜਾਣੇ ਨਹੀਂ ਪਾਉਣਗੇ, ਧੱਕੇ ਦੇ ਕੇ ਬਾਹਰ ਕਢ ਜਾਣਗੇ। ਗੁਰੂ ਤੋਂ ਬੇਮੁਖ ਨਿਗੁਰੇ ਨਰ ਦਰ-ਅਸਲ ਗੁਰੂ ਦੇ ਨਿੰਦਕ ਹਨ, ਉਹ ਨਾ ਸਿਰਫ ਸਤਿਗੁਰੂ ਨੂੰ ਗੁਰੂ ਮੰਨਣ ਤੋਂ ਮੁਨਕਰ ਹਨ, ਬਲਕਿ ਗੁਰੂ ਦੇ ਥਾਉਂ ਆਪ ਗੁਰੂ ਬਣ ਕੇ ਗੁਰ ਪਦਵੀ ਦੀ ਨਿਰਾਦਰੀ ਮਈ ਨਿੰਦਾ ਕਰਦੇ ਹਨ। ਸੋ ਐਸੇ ਨਰ ਨਿੰਦ ਸੱਚੀ ਸਰਕਾਰ ਦੇ ਦਰਗਾਹੀ ਦਰਬਾਰ ਵਿਚ ਜਾਣ ਦੇ ਲਾਇਕ ਹੀ ਨਹੀਂ। ਉਹ ਕਿਤੇ ਭੀ ਸੋਭਾ ਨਹੀਂ ਪਾਉਂਦੇ। ਸਿਰਜਨਹਾਰੀ ਸਰਕਾਰ ਦੇ ਉਹ ਨਕ-ਕਾਟੇ ਗੁਨਾਹਗਾਰ ਹਨ। ਤਿਨ ਨਕਟ-ਪੰਥੀਏ ਡਿੰਭੀ ਮੀਣੇ ਗੁਰੂਆਂ ਦੀ ਕੈਸੀ ਭਿਆਨਕ ਗਤੀ ਹੈ, ਜੋ ਇਸ ਗੁਰਵਾਕ ਨੇ ਨਿਰੂਪਣ ਕੀਤੀ ਹੈ। ਇਹ ਗਤ ਉਨ੍ਹਾਂ ਨਾਲ ਸੱਚ-ਮੁਚ ਹੋ ਕੇ ਵਰਤੇਗੀ, ਇਸ ਵਿਚ ਰੰਚਕ ਸੰਦੇਹ ਨਾ ਜਾਣੋ। ਆਪਣੇ ਆਪ ਨੂੰ ਗੁਰੂ ਭਾਵਨਾ ਦੀ ਮਨੌਤੀ ਕਰਿ ਮੱਥੇ ਟਿਕਾਉਣ ਵਾਲਿਆਂ ਦੇ ਭੀ ਮੰਦੇ ਹਾਲ ਹੋਣਗੇ। "ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ"† ਗੁਰਵਾਕ ਦੇ ਭਾਵ ਵਾਲੀ ਭਾਵਨੀ ਕਰਿ ਪਰਸਪਰ ਇਕ ਦੂਜੇ ਦੇ ਨਿਵ ਨਿਵ ਪਾਇ ਲਗਣਹਾਰਿਆਂ ਨੂੰ ਰੰਚਕ ਭੀ ਲੇਪ ਛੇਪ ਨਹੀਂ ਵਿਆਪਦਾ, ਪਰ ਜੋ ਮਨਮਤੀਏ ਪੁਰਸ਼ ਸਿਮਰਨ-ਦਾਤੇ ਹੋ ਕੇ ਆਪਣੇ ਆਪ ਨੂੰ ਪੁਜਾਉਂਦੇ ਮੱਥੇ ਟਿਕਾਉਂਦੇ ਹਨ, ਉਹ ਸਿੱਖੀ ਪਦ ਤੋਂ ਭੀ ਹਿਠਾਹਾਂ ਹੋ ਜਾਂਦੇ ਹਨ, ਉਨ੍ਹਾਂ ਅਗੇ ਸਿਖ ਸਮਝ ਕੇ ਨਿਵਣਾ ਭੀ ਅਯੋਗ ਹੈ। "ਜੋ ਦੀਸੈ ਗੁਰਸਿਖੜਾ" ਵਾਕ ਵਿਚ 'ਸਿਖੜਾ' ਪਦ ਗੁਰੂ ਦੇ ਪਿਅਰੇ ਸਿਖ ਦਾ, ਗੁਰੂ ਕੀ ਰਹਿਤ-ਰਹਿਣੀ ਵਾਲੇ ਸਿਖ ਦਾ ਨਿਰੂਪਕ ਹੈ, ਐਵੇਂ ਦਿਸਣ ਮਾਤਰ ਵਾਲੇ ਬਹਿਰੂਪੀਏ ਨਕਲੀ ਸਿਖਾਂ ਦਾ ਸੂਚਕ ਨਹੀਂ। ਗੁਰੂ ਪਿਆਰੇ, ਗੁਰੂ ਦੇ ਪਿਆਰੜੇ ਸਿੱਖਾਂ ਦੇ ਪੈਰੀਂ ਲਗਣਾ ਹੈ। ਪਿਆਰੇ ਨੂੰ ਪਿਆਰੇ ਹੀ ਜਾਣ ਬੁਝ ਸਕਦੇ ਹਨ ਅਤੇ ਪਿਆਰ ਪ੍ਰਾਇਣ ਹੋ ਕੇ ਹੀ ਪਰਸ-ਪਰ ਇਕ ਦੂਜੇ ਦੇ ਪੈਰੀਂ ਲਗਦੇ ਹਨ, ਗਲ ਮਿਲਦੇ ਹਨ, ਫਤਹ ਗਜਾਉਂਦੇ ਤੇ ਅਸੀਸਾਂ ਦਿੰਦੇ ਲੈਂਦੇ ਹਨ। ਆਪੋਂ ਬਣ ਬੈਠੇ ਸਿਮਰਨ-ਦਾਤਿਆਂ ਨੇ ਤਾਂ ਲੋਕਾਂ ਨੂੰ ਆਪਣੇ ਪੈਰੀਂ ਪੁਆਉਣ ਦਾ ਠੇਕਾ ਹੀ ਲੀਤਾ ਹੋਇਆ ਹੈ। ਉਹ ਪੈਰੀਂ ਪੁਆਉਣਗੇ, ਪੈਰੀਂ ਪੈਣਗੇ ਨਹੀਂ, ਕਿਉਂਕਿ ਉਨ੍ਹਾਂ ਅੰਦਰਿ ਸਿਮਰਨ-ਦਾਤੇ ਹੋਣ ਦੀ ਆਕੜ ਵਡੀ ਹੁੰਦੀ ਹੈ। ਐਵੇਂ ਨਿਖੜੰਮੀ ਰੰਘੜਊਪੁਣੇ ਵਾਲੀ ਆਕੜ।

ਇਹ ਗੁਰਮਤਿ ਗੁਣ, ਗੁਰੂ ਧਾਰੇ ਬਿਹੂਣ ਨਿਗੁਰਿਆਂ ਨੂੰ ਕਿਵੇਂ ਜਾਪਣ। ਅੰਤ ਇਨ੍ਹਾਂ ਗੁਣ ਬਿਹੂਣਾਂ ਪਾਸੋਂ ਭਗਤੀ ਨਹੀਂ ਹੋ ਸਕਦੀ। ਭਗਤੀ ਕੀਤਿਆਂ ਹੀ ਭਗਤਿ ਵਛਲ ਵਾਹਿਗੁਰੂ ਦਾ ਸਹਿਜ-ਮਿਲਾਵਾ ਹੁੰਦਾ ਹੈ। ਯਥਾ ਗੁਰਵਾਕ—

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ... ...॥੮॥੪॥੨੧

[ਸਿਰੀਰਾਗ ਮ: ੩ ਅਸਟਪਦੀ, ਪੰਨਾ ੬੭

ਪੁਸਤਕ "ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਵਿਚੋਂ

† ਸੂਹੀ ਮ: ੫, ਪੰਨਾ ੭੬੩



www.AKJ.Org

# ਗੁਰਦੁਆਰਾ ਧੋਬੜੀ ਸਾਹਿਬ (ਆਸਾਮ) ਦੇ ਦਰਸ਼ਨ

[ਵਲੋਂ—ਸੂਬੇਦਾਰ ਪ੍ਰੀਤਮ ਸਿੰਘ ਜੀ, ੯੯ A. P. O.]

੧. ਇਸ ਅਸਥਾਨ ਤੇ ਸਾਹਿਬ ਗੁਰੂ ਤੇਗ ਬਹਾਦਰ ਜੀ ਨੌਵੀਂ ਪਾਤਸ਼ਾਹੀ ਜੀ ਨੇ ਸੰਨ ੧੬੬੬ (1666) ਈਸਵੀ, ਮੁਤਾਬਕ ਸੰਮਤ ੭੨੩-੨੪ ਬਿਕ੍ਰਮੀ ਵਿਚ ਚਰਨ ਪਾਏ । ਆਪ ਇਥੇ ਰਾਜਾ ਰਾਮ ਸਿੰਘ ਜੈਪੁਰੀਏ ਦੇ ਨਾਲ ਆਏ । ਰਾਜਾ ਰਾਮ ਸਿੰਘ ਅੰਬਰ ਦੇ ਰਾਜਾ ਸਨ । ਰਾਜਾ ਮਾਨ ਸਿੰਘ ਨੂੰ ਦਿਲੀ ਦੇ ਮੁਗਲ ਸਮਰਾਟ ਔਰੰਗਜ਼ੇਬ ਨੇ ਕਾਮ ਰੂਪ ਦੇ ਰਾਜਾ ਪ੍ਰਣ ਪਾਲ (ਰਾਮ ਰਾਇ) ਉਤੇ ਚੜ੍ਹਾਈ ਕਰ ਕੇ, ਕਾਮ ਰੂਪ ਦੇ ਇਲਾਕੇ ਨੂੰ ਫ਼ਤਹ ਕਰਨ ਦਾ ਹੁਕਮ ਦਿਤਾ ਤੇ ਰਾਜਾ ਮਾਨ ਸਿੰਘ ਨੇ ਆਪਣੇ ਲੜਕੇ ਰਾਮ ਸਿੰਘ ਨੂੰ ਚੜ੍ਹਾਈ ਕਰਨ ਲਈ ਕਿਹਾ, ਕਿਉਂਕਿ ਰਾਜਾ ਮਾਨ ਸਿੰਘ ਆਪ ਖ਼ੁਦ ਬਿਰਧ ਅਵਸਥਾ ਵਿਚ ਸੀ ।

੨. ਉਸ ਵੇਲੇ ਆਸਾਮ ਦੇਸ ਵਿਚ ਜਾਦੂਗਰਨੀਆਂ ਕਾਫ਼ੀ ਪਰਸਿਧ ਸਨ, ਜਿਸ ਕਰਕੇ ਉਸ ਵੇਲੇ, ਆਸਾਮ, ਢਾਕੇ ਬੰਗਾਲ ਤੇ ਚੜ੍ਹਾਈ ਕਰਨ ਵਾਲਾ ਡਰਦਾ ਸੀ । ਰਾਜੇ ਰਾਮ ਸਿੰਘ ਦੀ ਮਾਤਾ, ਜੋ ਗੁਰੂ ਘਰ ਦੀ ਸੇਵਕ ਸੀ, ਉਹ ਆਪਣੇ ਲੜਕੇ ਨੂੰ ਨਾਲ ਲੈ ਕੇ ਪਟਨੇ ਪੁਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਤੇ ਸੀਸ ਨਿਵਾ ਕੇ ਬੇਨਤੀ ਕੀਤੀ ਕਿ ਮਹਾਰਾਜ, ਆਪ ਮੇਰੇ ਬੱਚੇ ਨਾਲ ਆਸਾਮ ਨੂੰ ਜਾਉ ਅਤੇ ਇਸ ਬੱਚੇ ਦੀ ਰੱਖਿਆ ਕਰੋ, ਕਿਉਂਕਿ ਉਸ ਮੁਲਕ ਵਿਚ ਜਾਦੂਗਰਨੀਆਂ ਦਾ ਕਾਫ਼ੀ ਜ਼ੋਰ ਹੈ । ਮਹਾਰਾਜ ਨੌਵੇਂ ਪਾਤਸ਼ਾਹ ਨੇ ਬੇਨਤੀ ਪਰਵਾਨ ਕੀਤੀ ਅਤੇ ਸਾਥ ਜਾਣ ਲਈ ਤਿਆਰ ਹੋ ਗਏ ।

੩. ਗੋਆਲਪਾੜਾ ਦੀ ਮਸ਼ਹੂਰ ਜਾਦੂਗਰਨੀ, ਜਿਸ ਦਾ ਨਾਮ ਨੇਤਾ ਧੋਬਨ ਕਰਕੇ ਕਿਹਾ ਜਾਂਦਾ ਹੈ, ਉਸ ਨੂੰ ਪਤਾ ਲਗਾ, ਕਿ ਉਸ਼ ਦੇ ਰਾਜੇ ਤੇ, ਰਾਜਾ ਰਾਮ ਸਿੰਘ ਜੈਪੁਰੀਆ ਦਿਲੀ ਤੋਂ ਕਾਫ਼ੀ ਭਾਰੀ ਗਿਣਤੀ ਵਿਚ ਫੌਜ ਲੈ ਕੇ ਚੜ੍ਹਾਈ ਕਰਨ ਲਈ ਆਇਆ ਹੈ । ਉਸ ਜਾਦੂਗਰਨੀ ਨੇ. ਜਾਦੂ ਦੇ ਜ਼ੋਰ ਨਾਲ ਬ੍ਰਹਮ ਪੁਤਰ ਨਦੀ (ਦਰਿਆ) ਵਿਚ ਭਿਆਨਕ ਹੜ ਲਿਆਂਦਾ, ਜਿਸ ਨਾਲ ਰਾਜੇ ਰਾਮ ਸਿੰਘ ਦੀ ਫ਼ੌਜ ਖਤਮ ਹੋ ਜਾਵੇ । ਫਿਰ ਬਹੁਤ ਭਾਰੀ ਪੱਥਰ ਨੂੰ ਗੁਰੂ ਸਾਹਿਬਾਂ ਵਲ ਸੁਟਿਆ । ਗੁਰੂ ਸਾਹਿਬ ਜੀ ਨੇ ਪੱਥਰ ਨੂੰ ਹੱਥ ਨਾਲ ਰੋਕ ਲਿਆ । ਇਹ ਪੱਥਰ ਅਜੇ ਵੀ ਸਟੇਟ ਬੈਂਕ ਔਫ ਇੰਡੀਆ ਦੀ ਬਿਲਡਿੰਗ ਦੇ ਕੋਨੇ ਤੇ ਗਡਿਆ ਹੋਇਆ ਹੈ । ਅਖੀਰ ਤੇ ਇਕ ਪਿਪਲ ਦੇ ਵਡੇ ਦਰਖ਼ਤ ਨੂੰ ਪੁਟ ਕੇ ਉਡਾ ਲਿਆਈ । ਗੁਰੂ ਸਾਹਿਬਾਂ ਨੇ ਪਿਪਲ ਨੂੰ ਹੱਥ ਦੇ ਕੇ ਇਸ਼ਾਰਾ ਕੀਤਾ, ਤਾਂ ਪਿੱਪਲ ਉਥੇ ਹੀ ਜ਼ਮੀਨ ਤੇ ਉਚਾ ਰੁਕ ਗਿਆ । ਇਹ ਪਿੱਪਲ ਅਜੇ ਤਕ ਗੁਰ ਅਸਥਾਨ ਦੇ ਨੇੜੇ ਖੜਾ ਹੈ । ਨੇਤਾ ਧੋਬਨ ਦੀ, ਕੋਈ ਪੇਸ਼ ਨਾ ਚਲਦੀ ਵੇਖ ਕੇ, ਉਹ ਅਭਿਮਾਨੀ ਧੋਬਨ , ਗੁਰੂ ਸਾਹਿਬਾਂ ਦੀ ਸ਼ਰਨ ਵਿਚ ਆਈ ਅਤੇ ਚਰਨੀਂ ਡਿਗੀ । ਗੁਰੂ ਸਾਹਿਬ ਜੀ ਨੇ ਉਸ ਨੂੰ ਮੁਆਫ ਕੀ ਕੀਤਾ, ਬਲਕਿ ਉਸ ਦੀ ਮੁਕਤੀ ਕਰ ਦਿਤੀ ।

ਇਸ ਸਾਖੀ ਤੋਂ ਸ਼ਹਿਰ ਦਾ ਨਾਉਂ ਧੋਬੜੀ ਰਖਿਆ ਗਿਆ ਹੈ । ਇਹ ਗੁਆਲਪਾੜਾ ਜ਼ਿਲੇ ਦੀ ਇਕ ਤਹਿਸੀਲ ਹੈ । ਬਹੁਤ ਸੁੰਦਰ ਸ਼ਹਿਰ ਹੈ ਉਸ ਇਲਾਕੇ ਦਾ, ਆਮ ਸ਼ਹਿਰਾਂ ਤੋਂ ਚੰਗਾ ਦਿਸਦਾ ਹੈ, ਕਿਉਂਕਿ ਇਸ ਸ਼ਹਿਰ ਵਿਚ ਮੇਰੇ ਨਾਵੀਂ ਪਾਤਸ਼ਾਹੀ ਨੇ ਚਰਨ ਪਏ ਹਨ । ਮਹਾਂਵਾਕ ਅਨੁਸਾਰ "ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ ॥"

## ੪. ਆਸਾਮ ਦੇ ਰਾਜੇ ਨੇ ਗੁਰੂ ਜੀ ਨੂੰ ਮਿਲਣਾ--

ਗੁਰੂ ਜੀ ਕੁਛ ਦਿਨ ਬਿਸਰਾਮ ਕਰ ਕੇ ਢਾਕੇ ਤੋਂ ਰਾਜਾ ਰਾਮ ਸਿੰਘ ਜੈਪੁਰੀਏ ਨਾਲ ਆਸਾਮ ਦੇਸ਼ ਦੇ ਧੋਬੜੀ ਸ਼ਹਿਰ ਪਹੁੰਚ ਗਏ ਅਤੇ ਇਥ



www.AKJ.Org

ਆਉਣ ਕਰਕੇ ਆਸਾਮ ਦੇਸ ਦਾ ਰਾਜਾ ਰਾਮ ਰਾਏ (ਪ੍ਰਣ ਪਾਲ) ਵੀ ਆਇਆ । ਗੁਰੂ ਜੀ ਨੇ ਮੇਲ-ਮਿਲਾਪ ਨਾਲ ਦੋਹਾਂ ਰਾਜਿਆਂ ਦੀ ਆਪਸ ਵਿਚ ਸੁਲਾਹ ਕਰਾ ਦਿਤੀ। ਇਸ ਖੁਸ਼ੀ ਵਿਚ ਦੋਹਾਂ ਫੌਜਾਂ ਨੇ ਢਾਲਾਂ ਨਾਲ ਮਿਟੀ ਪਾ ਕੇ ਇਕ ਉਚਾ ਥੜਾ ਬਣਾਇਆ । ਇਹ ਥੜਾ ਅਜੇ ਵੀ ਗੁਰੂ ਅਸਥਾਨ ਪਾਸ ਹੈ ਅਤੇ ਥੋੜਾ ਸਮਾਂ ਵੀ ਉਥੇ ਟਿਕ ਕੇ ਦਿਲ ਨੂੰ ਬਹੁਤ ਖੁਸ਼ੀ ਹੁੰਦੀ ਹੈ। ਸਧਾਰਨ ਇਨ-ਸਾਨ ਸਭ ਕੁਝ ਭੁਲ ਜਾਂਦਾ ਹੈ।

## ੫. ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੀ ਖੁਸ਼ੀ–

ਰਾਜੇ ਰਾਮ ਸਿੰਘ ਜੈਪੁਰੀਏ ਨਾਲ ਆਸਾਮ ਨੂੰ ਜਾਣ ਪਿਛੋਂ ਗੁਰੂ ਜੀ ਦੇ ਘਰ ਪੋਹ ਸੁਦੀ ਸਪਤਮੀ ਸੰਮਤ ੧੭੨੩ ਛਨਿਛਰਵਾਰ ੨੩ ਪੋਹ ਮੁਤਾਬਕ ੨੨ ਦਸੰਬਰ ੧੬੬੬ ਨੂੰ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਇਹ ਖੁਸ਼ੀ ਭਰੀ ਖਬਰ ਮਾਤਾ ਨਾਨਕੀ ਜੀ ਨੇ ਇਕ ਸਿਖ ਰਾਹੀਂ, ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਪਹੁੰਚਾਈ। ਗੁਰੂ ਜੀ ਉਸ ਸਮੇਂ ਧੋਬੜੀ ਸ਼ਹਿਰ ਠਹਿਰੇ ਹੋਏ ਸਨ।

## ੬. ਰਾਜੇ ਰਾਮ ਰਾਏ ਨੂੰ ਪੁਤਰ ਦਾ ਵਰ–

ਗੌਰੀ ਪੁਰ (ਗੁਆਲਪਾੜਾ) ਦੇ ਰਾਜਾ ਰਾਮ ਰਾਏ (ਪ੍ਰਣ ਪਾਲ) ਦੇ ਘਰ ਕੋਈ ਸੰਤਾਨ ਨਹੀਂ ਸੀ। ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਇਸ ਦੀ ਸ਼ਰਧਾ ਵੇਖ, ਇਸ ਨੂੰ ਪੁਤਰ ਦਾ ਵਰਦਾਨ ਦਿਤਾ। ਇਹ ਵਰਦਾਨ ਵੀ ਧੋਬੜੀ ਸ਼ਹਿਰ ਵਿਖੇ ਦਿਤਾ ਗਿਆ ਸੀ। ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਰਾਮ ਰਾਏ ਦੇ ਮਥੇ ਤੇ '੧ ਓ' ਵਾਲੀ ਮੁੰਦਰੀ ਦਾ ਠੱਪਾ ਲਾ ਕੇ ਫੁਰਮਾਇਆ ਕਿ ਤੇਰੇ ਘਰ ਹੋਣ ਵਾਲੇ ਪੁਤਰ ਦੇ ਮਥੇ ਤੇ ਇਹ ਨਿਸ਼ਾਨ ਹੋਵੇਗਾ। ਉਹ ਲੜਕਾ ਰਤਨ ਰਾਏ ਹੋਇਆ, ਜਿਸ ਦੇ ਮਥੇ ਤੇ '੧ ਓ' ਵਾਲਾ ਨਿਸ਼ਾਨ ਸੀ। ਇਹ ਲੜਕਾ ਵਡਾ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਪੁਜਾ। ਪਰਸਾਦੀ ਹਾਥੀ ਸਣੇ ਪੰਜ ਬਹੁ-ਮੁਲੀਆਂ ਚੀਜ਼ਾਂ ਗੁਰੂ ਜੀ ਨੂੰ ਭੇਟਾ ਕੀਤੀਆਂ। ਚੀਜ਼ਾਂ ਦੇ ਨਾਮ ਇਸ ਪਰਕਾਰ ਹਨ–

੧. ਪੰਜ ਕਲਾ ਸ਼ਸਤ੍ਰ–ਇਹ ਹਥ ਵਿਚ ਫੜਨ ਵਾਲੀ ਇਕ ਸੋਟੀ ਸੀ, ਜਿਸ ਵਿਚੋਂ ਤਲਵਾਰ, ਤਮਾਚਾ, ਬਰਛੀ ਅਤੇ ਨੇਜ਼ਾ ਆਦਿਕ ਪੰਜ ਪਰਕਾਰ ਦੇ ਸ਼ਸਤ੍ਰ ਨਿਕਲਦੇ ਸਨ।

(੨) ਸੰਦਲ ਦੀ ਚੌਕੀ।

(੩) ਕਟੋਰਾ–ਜਲ ਛਕਣ ਵਾਲਾ ਕਟੋਰਾ, ਇਸ ਵਿਚ ਧਰਤੀ, ਅਕਾਸ਼ ਦੇ ਰੰਗ ਰੰਗ ਦੇ ਨਕਸ਼ੇ ਦਿਖਾਈ ਦੇਂਦੇ ਸਨ।

(੪) ਪੰਜ ਘੋੜੇ–ਬਹੁਤ ਵਧੀਆ ਕੀਮਤ ਦੇ ਸੁਨਹਿਰੀ ਕਾਠੀਆਂ ਅਤੇ ਬਹੁਤ ਅਮੁਲੇ, ਸਾਜ਼ੋ ਸਮਾਨ ਨਾਲ ਸਜਾਏ ਹੋਏ।

(੫) ਪਰਸਾਦੀ ਹਾਥੀ–ਜਿਸ ਦਾ ਸੰਢੇ ਜਿਤਨਾ ਕਦ ਸੀ, ਰੰਗ ਕਾਲਾ ਸੀ, ਅਤੇ ਮਥਾ ਇਕ ਰੋਟੀ ਜਿਤਨਾ ਚਿਟਾ ਸੀ। ਸੁੰਡ ਦੀ ਨੋਕ ਤੋਂ ਪੂਛ ਦੇ ਸਿਰੇ ਤਕ ਇਕ ਚਿਟੀ ਲਕੀਰ ਸੀ। ਸੁੰਡ ਨਾਲ ਆਪਣੇ ਮਾਲਕ ਨੂੰ ਚੌਰ ਕਰਦਾ ਸੀ, ਪੈਰ ਧੋਂਦਾ ਅਤੇ ਹੋਰ ਕਈ ਕੰਮ ਕਰਦਾ ਸੀ।

## ੭. ਗੁਰੂ ਨਾਨਕ ਦੇਵ ਮਹਾਰਾਜ ਦਾ ਭਾਗ, ਧੋਬੜੀ ਨੂੰ–

### ਸੰਮਤ ੧੫੫੪ ਤੋਂ ੧੫੬੫ ਪਹਿਲੀ ਉਦਾਸੀ–

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਅਸਥਾਨ ਨੂੰ ਪਹਿਲੀ ਉਦਾਸੀ ਸਮੇਂ ਭਾਗ ਲਾਇਆ ਹੈ। ਮਹਾਰਾਜ ਜੀ ਇਸ ਯਾਤਰਾ ਸਮੇਂ ਦਿਲੀ ਮਜਨੂੰ ਦਾ ਟਿਲਾ, ਮਥਰਾ, ਬਿੰਦਰਾ ਬਨ, ਨਾਨਕ ਮਤਾ, ਮਿਠਾ ਰੀਠਾ, ਬਨਾਰਸ, ਪਟਨਾ, ਗਯਾ, ਕਾਮਰੂਪ, ਦੇਸ ਧੋਬੜੀ, ਗੋਹਾਟੀ, ਚਿਟਾਗਾਉਂ, ਜਗਨ ਨਾਥ ਪੁਰੀ, ਕਟਕ, ਆਗਰਾ ਵਾਲੇ ਰਸਤੇ ਅਨੇਕ ਸ਼ਹਿਰਾਂ ਵਿਚੋਂ ਦੀ ਯਾਤਰਾ ਕਰਦੇ ਹੋਏ ਕਰਤਾਰ ਪੁਰ ਗਏ ਸਨ। ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਵੀ ਚਰਨ-ਛੋਹ ਪ੍ਰਾਪਤ ਹੈ।



www.AKJ.Org

# ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ

[ਵਲੋਂ—ਭਾਈ ਮਨਮੋਹਣ ਸਿੰਘ ਜੀ ਬੱਲ. ਬੁਤਾਲਾ]

ਸਚਖੰਡ ਪਿਆਨੇ ਤੋਂ ਤਿੰਨ ਦਿਨ ਪਹਿਲਾਂ ੫ ਅਕਤੂਬਰ ੧੭੦੮ ਈ: ਵਾਲੇ ਦਿਨ ਸਾਰੀ ਸਿੱਖ ਸੰਗਤ ਨੂੰ ਇਕੱਠਾ ਕਰ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਗੱਦੀ ਬਖਸ਼ ਕੇ ਪੂਰਨ ਗੁਰੂ ਦੀ ਪਦਵੀ ਦਿਤੀ, ਕਿਉਂਕਿ ਆਉਣ ਵਾਲੇ ਸਮੇਂ ਦਾ ਉਨ੍ਹਾਂ ਨੂੰ ਪਤਾ ਸੀ ਕਿ—

"ਘਰਿ ਘਰਿ ਹੋਇ ਬਹੈਂਗੇ ਰਾਮਾ ॥
ਤਿਨ ਤੇ ਸਰੇ ਨਾ ਕੋਊ ਕਾਮਾ।"

ਆਪਣਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕਾਇਆ।

ਪੈਸੇ ਪਾਂਚ ਨਾਲੇਰ ਲੈ ਤਿਸ ਅਗਰ ਟਿਕਾਯੋ ॥
ਕਰ ਪ੍ਰਕਰਮਾ ਗੁਰੂ ਜੀ ਨਿਜ ਮਾਥ ਝੁਕਾਯੋ ॥
ਗੁਰੂ ਗ੍ਰੰਥ ਕੋ ਗੁਰੂ ਥਾਪਿਯੋ ਕੁਣਕਾ ਬਟਵਾਯੋ ॥"

ਗੁਰੂ ਨਾਨਕ ਸਾਹਿਬ ਜੀ ਤੋਂ ਲੇ ਕੇ ਦਸਮ ਪਿਤਾ ਤੱਕ ਇਕੋ ਹੀ ਜੋਤਿ ਸੀ। ਉਹ ਜੋਤਿ ਫਿਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵੇਸ਼ ਕਰ ਕੇ ਸਿੱਖ ਪੰਥ ਦੀ ਰਹਿਨੁਮਾਈ ਕਰਨ ਲਗ ਪਈ। ਨੌਂ ਪਾਤਿ-ਸ਼ਾਹੀਆਂ ਤਕ ਚਰਨ ਪਹੁਲ ਦੀ ਰੀਤੀ ਰਹੀ ਸੀ। ਦੇਹਧਾਰੀ ਗੁਰੂ ਦੀ ਪਰੰਪਰਾ ਬੰਦ ਹੋ ਜਾਣ ਕਰਕੇ ਦਸਮ ਪਿਤਾ ਜੀ ਨੇ ਸਿੱਖੀ ਵਿਚ ਸ਼ਾਮਲ ਹੋਣ ਲਈ ਚਰਨ ਪਾਹੁਲ ਦੀ ਥਾਂ ਖੰਡੇ ਦੇ ਅੰਮ੍ਰਿਤ ਦੀ ਰੀਤੀ ਚਲਾਈ ਤੇ ਹੁਕਮ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰ-ਦੀਖਿਆ ਪ੍ਰਾਪਤ ਕਰੋ ਅਤੇ ਰਹਿਤ ਵਿਚ ਪ੍ਰਪਕ ਹੋ ਕੇ ਇਕ ਅਕਾਲੀ ਸ਼ਬਦ ਦੀ ਪੂਜਾ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਆਦੇਸ਼ ਨੂੰ ਕਮਾਉਣਾ ਹੈ। ਦਸਮ ਪਾਤਸ਼ਾਹ ਜੀ ਫੁਰਮਾਣ ਕਰਦੇ ਹਨ—

ਜਬ ਲਗ ਖਾਲਸਾ ਰਹੈ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨਾ ਕਰੋਂ ਇਨ ਕੀ ਪਰਤੀਤਿ ॥

ਸਪੱਸ਼ਟ ਹੈ ਕਿ ਗੁਰੂ ਸਾਹਿਬ ਤਦ ਹੀ ਖੁਸ਼ ਹਨ ਜੇਕਰ ਖਾਲਸਾ ਬਾਕੀ ਜਗ ਤੋਂ ਨਿਆਰਾ ਰਹੇ। ਇਸ ਦੇ ਉਲਟ ਜੇਕਰ ਅੰਮ੍ਰਿਤ ਛਕ ਕੇ ਵੀ ਮੜ੍ਹੀਆਂ ਮਸਾਣਾਂ ਦੀ ਪੂਜਾ ਕਰਦਾ ਰਿਹਾ, ਧਾਗੇ ਤਵੀਤਾਂ, ਜੰਤਰਾਂ ਮੰਤਰਾਂ ਉਤੇ ਵਿਸ਼ਵਾਸ ਰੱਖਦਾ ਰਿਹਾ, ਦੇਹਧਾਰੀ ਕਚੇ ਪਿਲਿਆਂ ਤੇ ਆਪੋਂ ਬਣ ਬੈਠੇ ਗੁਰੂਆਂ ਮਗਰ ਭਜਦਾ ਫਿਰਿਆ, ਆਨ ਮੱਤੀ ਕੁਰੀਤੀਆਂ ਵਿਚ ਉਲਝਿਆ ਰਿਹਾ ਤਾਂ ਉਸ ਦਾ ਰਸਮੀ ਤੌਰ ਤੇ ਅੰਮ੍ਰਿਤ ਛਕਿਆ ਕਿਸੇ ਲੇਖੇ ਨਹੀਂ। ਅਜਿਹੇ ਪ੍ਰਾਣੀਆਂ ਦੀ ਕਲਗੀਧਰ ਪਾਤਸ਼ਾਹ ਦੇ ਫ਼ੁਰਮਾਨ ਅਨੁਸਾਰ ਕੋਈ ਕੀਮਤ ਨਹੀਂ ਪੈਣੀ।

"ਸਰਬ ਕੀ ਰੇਨ ਜਾ ਕਾ ਮਨੁ ਹੋਇ ॥
ਕਹੁ ਨਾਨਕ ਤਾ ਕੀ ਨਿਰਮਲ ਸੋਇ ॥"

ਜਿਹੜਾ ਮਨੁੱਖ ਆਪਣੇ ਆਪ ਨੂੰ ਸਭਨਾਂ ਦੀ ਧੂੜੀ ਸਮਝਦਾ ਹੈ, ਉਹ ਹੀ ਨਿਰੰਕਾਰ ਵਾਹਿਗੁਰੂ ਦੀ ਦਰਗਾਹ ਵਿਚ ਮਨਜ਼ੂਰ ਹੁੰਦਾ ਹੈ ਅਤੇ ਸਾਰਿਆਂ ਲੋਕਾਂ ਵਿਚ ਉਸ ਦੀ ਸੋਭਾ ਹੁੰਦੀ ਹੈ। ਸਭ ਉਸ ਦਾ ਦਿਲੋਂ ਮਾਣ ਕਰਦੇ ਹਨ। ਪਰ ਜੋ ਲੋਕ ਅੰਮ੍ਰਿਤ ਛਕ ਕੇ ਪੰਥ ਦੇ ਮੁਖੀ ਨੇਤਾ ਅਖਵਾ ਕੇ ਆਪਣੇ ਸਵਾਰਥ ਵਾਸਤੇ ਸਿੱਖ ਪੰਥ ਦੇ ਦੋਖੀਆਂ ਅੱਗੇ ਵੀ ਝੋਲੀ ਅੱਡੀ ਫਿਰਦੇ ਹਨ ਕਿ ਤੁਹਾਡੀ ਖ਼ੈਰ ਪਾਉਣ ਨਾਲ ਮੇਰੀ ਪੰਥ ਵਿਚ ਸ਼ਾਨ ਬਣਦੀ ਹੈ, ਇਹੋ ਜਿਹੇ ਲੋਕਾਂ ਨੂੰ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਕਦੇ ਵੀ ਮੁਆਫ਼ ਨਹੀਂ



www.AKJ.Org

ਕਰਨਗੇ। ਉਨ੍ਹਾਂ ਨੇ ਆਪਣਾ ਸਾਰਾ ਸਰਬੰਸ ਧਰਮ ਦੇ ਉਤੋਂ ਕੁਰਬਾਨ ਕਰ ਦਿੱਤਾ, ਪਰ ਧਰਮ ਦੇ ਦੋਖੀਆਂ ਦੀ ਕਦੇ ਵੀ ਈਨ ਨਹੀਂ ਮੰਨੀ। ਪਰ ਅੱਜ ਸਾਨੂੰ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਪੰਥ ਦੀ ਗ਼ਦਾਰੀ ਕਰਨ ਵਾਲੇ ਮੁਢ ਤੋਂ ਹੀ ਚਲੇ ਆਏ ਹਨ, ਪਰ ਜਦੋਂ ਖਾਲਸੇ ਦਾ ਦਾਅ ਲੱਗਾ ਉਨ੍ਹਾਂ ਨੂੰ ਡੰਨ ਮਿਲਦੇ ਰਹੇ। ਹਮੇਸ਼ਾ ਹੀ ਪੰਥ ਦੇ ਵਿਰੋਧੀ ਜ਼ਿਆਦਾ ਹੀ ਗਿਣਤੀ ਵਿਚ ਹੁੰਦੇ ਹਨ, ਕਿਉਂਕਿ ਸਿੱਖ ਧਰਮ ਇਕ ਨਵੀਨ ਧਰਮ ਹੈ ਅਤੇ ਬਾਕੀ ਸਭ ਧਰਮਾਂ ਨਾਲੋਂ ਵਿਲੱਖਣ ਹੈ। ਇਹ ਕਿਸੇ ਦੀ ਵੀ ਈਨ ਨਹੀਂ ਮੰਨਦਾ।

ਖਾਲਸਾ ਜੀ ਨੂੰ ਗੁਰੂ ਵਲੋਂ ਬਖ਼ਸ਼ਿਆ ਹੋਇਆ ਤਪ-ਤੇਜ, ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਖਾਲਸਾ ਨਿਆਰਾ ਹੋ ਕੇ ਵਿਚਰੇ। ਪੰਥਕ ਆਗੂਆਂ ਅਗੇ ਬੇਨਤੀ ਹੈ ਕਿ ਉਹ ਕਿਸੇ ਦੂਸਰੀ ਕੌਮ ਦੀ ਦੁਬੇਲਤਾ ਨੂੰ ਨਾ ਕਬੂਲਣ, ਸਗੋਂ ਗੁਰੂ-ਹੁਕਮਾਂ ਦੀ ਪਾਲਣਾ ਕਰਨ ਅਤੇ ਪੰਥ ਵਿਚ ਫੁਟ ਦੀ ਥਾਂ ਪ੍ਰੇਮ-ਪਿਆਰ ਤੇ ਮੇਲ-ਮਿਲਾਪ ਦਾ ਵਾਤਾਵਰਨ ਪੈਦਾ ਕਰਨ। ਅਗਰ ਐਸਾ ਨਾ ਹੋਇਆ ਤਾਂ ਸਾਡੇ ਧਰਮ ਉਤੇ ਹਿੰਦੂ ਧਰਮ ਐਸੀ ਹਕੂਮਤ ਕਰੇਗਾ ਜੋ ਗ਼ੈਰਾਂ ਨਾਲੋਂ ਵਧ ਮੁਸੀਬਤ ਦਾ ਕਾਰਨ ਹੋਵੇਗੀ। ਇਸ ਕਰਕੇ ਅਸੀਂ ਬਿਨਾਂ ਕਿਸੇ ਲਾਲਚ ਦੇ ਸਾਰੀ ਸਿਖ ਸੰਗਤ ਅੰਦਰ ਢੰਡੋਰਾ ਦਈਏ ਕਿ—

"ਸਭ ਸਿੱਖਨ ਕੋ ਹੁਕਮ ਹੈ,
ਗੁਰੂ ਮਾਨਿਓ ਗ੍ਰੰਥ ॥"

ਇਹ ਤਾਂ ਹੀ ਕਹਿ ਸਕਦੇ ਹਾਂ ਜੇ ਸਾਡਾ ਸਿਮ-ਰਨ ਅਭਿਆਸ ਹੋਵੇ। ਸਿਮਰਨ ਇਕ ਐਸੀ ਸ਼ਕਤੀ ਹੈ ਜਿਸ ਸਾਹਮਣੇ ਦੁਨੀਆ ਦੀ ਕੋਈ ਤਾਕਤ ਅੜ ਨਹੀਂ ਸਕਦੀ। ਜੇ ਦਸ ਲਖ ਨਾਲ ੪੦ ਸਿੰਘ ਮੁਕਾਬਲਾ ਕਰ ਸਕਦੇ ਹਨ ਅਤੇ ਉਨ੍ਹਾਂ ਅੱਗੇ ਹਥਿਆਰ ਨਹੀਂ ਸੁਟ ਸਕਦੇ ਤਾਂ ਕੀ ਸਾਡੇ ਵਿਚ ਉਹ ਸਕਤੀ ਨਹੀਂ ਆ ਸਕਦੀ। ਉਨ੍ਹਾਂ ਨੂੰ ਗੁਰੂ ਉਤੇ ਪੂਰਨ ਭਰੋਸਾ ਸੀ। ਸੋ ਖਾਲਸਾ ਜੀ ਅੰਮ੍ਰਿਤ ਛਕੋ ਤੇ ਨਾਮ ਜਪੋ।

---

# ਦਗ਼ੇ-ਬਾਜ਼ ਦੇ ਦਗ਼ੇ ਦਾ ਭਾਂਡਾ, ਵਿਚ ਕੁੰਭ-ਮੇਲੇ ਫੋੜ ਦਿਓ

[ਸ: ਹਰਭਜਨ ਸਿੰਘ ਜੀ ਐਮ. ਏ. ਨਕੁਰੂ, ਅਫ਼ਰੀਕਾ]

ਭਗਤ-ਜਨਾਂ ਦਾ ਖ਼ੂਨੀ ਜਿਹੜਾ, ਉਸ ਨੇ ਰਾਹ ਵਿਖਾਣਾ ਕੀ?
ਉਸ ਚੰਦਰੇ ਦੀ ਪੂਛ ਨੂੰ ਫੜ, ਚੇਲਿਆਂ 'ਸੁਰਗੀਂ' ਜਾਣਾ ਕੀ?
ਆਪ ਜਿਹੜਾ ਡੁੱਬਾ ਵਿਚ ਚਿੱਕੜ, ਹੋਰਨਾਂ ਤਾਈਂ ਤਰਾਣਾ ਕੀ?
ਅੰਨ੍ਹਿਆਂ ਦੀ ਮਹਿਫ਼ਲ ਵਿਚ ਬੈਠਾ, ਕਾਣਾ ਕੀ ਤੇ ਰਾਣਾ ਕੀ?
ਘੋਰ ਨਰਕ ਦੀਆਂ ਟਿਕਟਾਂ ਵੰਡੇ, ਉਸਦਾ ਦਫ਼ਤਰ ਫੂਕ ਦਿਓ!
ਭੁਲੜ-ਢਿਲੜ-ਮਨਮਤੀਆਂ ਨੂੰ, ਸੱਚ-ਸੁਨੇਹਾ ਕੂਕ ਦਿਓ!

ਮੂਰਖ-ਮਨ ਦੀਆਂ ਵਾਗਾਂ ਛੱਡ ਕੇ, ਮਨ ਤੇ ਕਾਬੂ ਪਾਣਾ ਕੀ?
ਬਿਖ ਬਿਖਿਆ ਜਿਹੜਾ ਖਾਵੇ ਰੱਜ ਰੱਜ, ਅੰਮ੍ਰਿਤ-ਰਸ ਉਹਨੂੰ ਭਾਣਾ ਕੀ?
ਕਾਮ-ਕ੍ਰੋਧ ਵਿਚ ਲੁਝਿਆ ਜਿਹੜਾ, (ਉਸ) ਮੁਕਤੀ-ਦਰ ਤੇ ਜਾਣਾ ਕੀ?
ਉੱਲੂ, ਚੁਗਲ, ਚੜਿਕ ਜੇ ਆਗੂ, ਫਿਰ ਖ਼ਾਤੇ ਤੋਂ ਬਚ ਕੇ ਜਾਣਾ ਕੀ?
ਨਕਟ-ਕੁਬਚਨੇ ਮਿੱਠੂ ਮੱਲ ਦਾ, ਝੱਬਦੇ ਪਾਸਾ ਮੋੜ ਦਿਓ!
ਦਗ਼ੇ-ਬਾਜ਼ ਦੇ ਦਗ਼ੇ ਦਾ ਭਾਂਡਾ, ਵਿਚ ਕੁੰਭ-ਮੇਲੇ ਫੋੜ ਦਿਓ!



www.AKJ.Org

# ਘਾਲ ਤੇ ਬਖ਼ਸ਼ਸ਼

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ]

ਬਾਬਾ ਅਮਰਦਾਸ ਜੀ ਨੇ ਗੁਰ-ਦਰਬਾਰ ਵਿਚ ਪਹੁੰਚ ਕੇ ਇਕ ਨਵੀਂ ਧਰਮ ਪਰੰਪਰਾ ਚਲਦੀ ਦੇਖੀ। ਏਥੇ ਇਕ ਨਿਰੰਕਾਰ ਵਾਹਿਗੁਰੂ ਦੀ ਹੀ ਅਰਾਧਨਾ ਹੁੰਦੀ ਸੀ। ਧਰਮਸਾਲਾ ਵਿਚ ਕੋਈ ਮੂਰਤੀ ਨਹੀਂ ਸੀਂ। ਗੁਰੂ ਵਾਹਿਗੁਰੂ ਨਾਮ ਦਾ ਜਾਪ ਜਪਾਉਂਦੇ ਸਨ। ਵਾਹਿਗੁਰੂ ਦਾ ਸੰਕਲਪ ਮੂਲ ਮੰਤਰ ਵਾਲਾ ਸੀ। ਗੁਰ-ਦਰਬਾਰ ਵਿਚ ਸਿੱਖਾਂ ਕੋਲੋਂ ਕੋਈ ਮੰਗ ਕਿਸੇ ਵਲੋਂ ਵੀ ਨਹੀਂ ਸੀ ਕੀਤੀ ਜਾਂਦੀ। ਜੋ ਚੜ੍ਹਾਵਾ ਆਉਂਦਾ ਸੀ, ਗੁਰਸਿਖਾਂ ਤੇ ਹੀ ਵਰਤਿਆ ਜਾਂਦਾ ਸੀ। ਜਪ, ਪਾਠ, ਕਥਾ ਤੇ ਕੀਰ-ਤਨ ਦਾ ਦੋਵੇਂ ਵੇਲੇ ਪ੍ਰਵਾਹ ਚਲਦਾ ਸੀ। ਦੋਵੇਂ ਵੇਲੇ ਅਟੁੱਟ ਲੰਗਰ ਵਰਤਦਾ ਸੀ। ਗੁਰੂ ਜੀ ਸਿੱਖਾਂ ਦੇ ਨਾਲ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਸਨ। ਸਭ ਨੂੰ ਇਕੋ ਜਿਹਾ ਭੋਜਨ ਮਿਲਦਾ ਸੀ। ਕਦੇ ਮਿੱਸੇ ਪਰਸ਼ਾਦੇ, ਕਦੇ ਸੁਕੀਆਂ ਰੋਟੀਆਂ, ਕਦੇ ਪਰੌਂਠੇ, ਕਦੇ ਕੜਾਹ, ਕਦੇ ਮੋਠਾਂ ਦੀ ਖਿੱਚੜੀ ਤੇ ਕਦੇ ਘਿਉ ਵਾਲੀ ਖੀਰ। ਗੁਰੂ ਦੇ ਮਹਿਲ, ਮਾਤਾ ਖੀਵੀ ਜੀ ਆਪ ਲੰਗਰ ਦਾ ਪ੍ਰਬੰਧ ਦੇਖਦੇ, ਬਾਲਣ ਝੋਕਦੇ, ਪ੍ਰਸ਼ਾਦੇ ਲਾਹੁੰਦੇ ਤੇ ਸਿੱਖਾਂ ਦੇ ਜੂਠੇ ਭਾਂਡੇ ਤਕ ਮਾਂਜਦੇ। ਗੁਰੂ ਜੀ ਸਿੱਖਾਂ ਨੂੰ ਖਵਾ ਖਵਾ ਕੇ ਖੁਸ਼ ਹੁੰਦੇ। ਗੁਰੂ ਘਰ ਵਿਚ ਕੁਝ ਲੁਕਾ ਕੇ ਨਹੀਂ ਸੀ ਰੱਖਿਆ ਜਾਂਦਾ। ਇਹ ਸਭ ਕੁਝ ਬਾਬਾ ਜੀ ਨੂੰ ਵਚਿੱਤਰ ਤੇ ਹੋਰ ਧਰਮਾਂ ਤੇ ਧਰਮਾਂ ਦਿਆਂ ਆਗੂਆਂ ਨਾਲੋਂ ਵਖਰਾ, ਪਰ ਚੰਗਾ ਚੰਗਾ ਲਗਦਾ ਸੀ।

ਗੁਰੂ ਕੇ ਮਹਿਲਾਂ ਨੂੰ ਸੇਵਾ ਕਰਦਿਆਂ ਦੇਖ ਕੇ ਬਾਬਾ ਅਮਰਦਾਸ ਜੀ ਦਾ ਮਨ ਸੇਵਾ ਕਰਨ ਨੂੰ ਅਹੁਲ ਪਿਆ। ਲੰਗਰ ਦੇ ਮੁਖ ਸੇਵਾਦਾਰ ਭਾਈ ਜੋਧ ਜੀ ਕੋਲੋਂ ਹੱਥ ਜੋੜ ਕੇ ਸੇਵਾ ਦੀ ਜਾਚਨਾ ਕੀਤੀ। ਉਨ੍ਹਾਂ ਨੇ ਮਾਤਾ ਖੀਵੀ ਜੀ ਕੋਲੋਂ ਆਗਿਆ ਲੈ ਕੇ ਲੰਗਰ ਦੇ ਜਲ ਦੀ ਸੇਵਾ ਬਖਸ਼ਵਾ ਦਿਤੀ। ਬਲਵਾਨ ਮਨ ਵਾਲੇ ਬਿਰਧ ਸਰੀਰ ਨੇ ਕਮਰ-ਕੱਸੇ ਕਰ ਲਏ ਤੇ ਸ੍ਰੀ ਅਮਰਦਾਸ ਜੀ ਸੇਵਾ ਵਿਚ ਲੀਨ ਹੋ ਗਏ।

ਅੰਮ੍ਰਿਤ ਵੇਲੇ ਸੰਗਤ ਵਿਚ ਬੈਠ ਕੇ ਕੀਰਤਨ ਸੁਣਦੇ। ਸੱਤਾ ਤੇ ਬਲਵੰਡ ਰਬਾਬੀ ਰਾਗਾਂ ਵਿਚ ਬਾਣੀ ਗਾਉਂਦੇ। ਬਾਣੀ ਦੇ ਕਿਸੇ ਵਿਚਾਰ ਨੂੰ ਦ੍ਰਿੜ੍ਹ ਕਰਾਉਣ ਲਈ ਬਾਣੀ ਵਿਚੋਂ ਹੀ ਦ੍ਰਿਸ਼ਟਾਂਤ ਦਿੰਦੇ। ਬਾਣੀ ਦੇ ਉੱਚ ਭਾਵ ਬਾਬਾ ਅਮਰਦਾਸ ਜੀ ਦੇ ਮਨ ਵਿਚ ਵੱਸਣ ਲੱਗੇ। ਕਦੇ ਕਦੇ ਗੁਰੂ ਜੀ ਆਪ ਸਤਿਗੁਰੂ ਨਾਨਕ ਜੀ ਦੀ ਬਾਣੀ ਦਾ ਸੈਂਚੀ ਵਿਚੋਂ ਪਾਠ ਕਰਦੇ, ਅਰਥ ਸਮਝਾਉਂਦੇ, ਜੀਵਨ ਦੇ ਅਨੁਭਵ ਤੇ ਇਤਿਹਾਸ ਵਿਚੋਂ ਮਸਾਲਾ ਦੇ ਕੇ ਸਿਖਾਂ ਦੇ ਮਨਾਂ ਵਿਚ ਵਸਾਉਂਦੇ। ਕਦੇ ਸਤਿਗੁਰੂ ਨਾਨਕ ਦਾ ਕੋਈ ਸਮਕਾਲੀ ਸਿੱਖ ਆਉਂਦਾ ਤੇ ਸਤਿਗੁਰਾਂ ਦੀ ਆਪਣੀ ਅਖੀਂ ਦੇਖੀ ਸਾਖੀ ਸੁਣਾਉਂਦਾ। ਕਦੇ ਸਤਿਗੁਰੂ ਨਾਨਕ ਦੇਵ ਜੀ ਦੇ ਸਿਖਾਂ ਦੀ ਅਗਲੀ ਪੀੜ੍ਹੀ ਵਿਚੋਂ ਕੋਈ ਸਿੱਖ ਆਉਂਦਾ ਤੇ ਆਪਣੇ ਵੱਡੇ ਤੋਂ ਸੁਣੀ ਸਤਿਗੁਰੂ ਨਾਨਕ ਦੇ ਜੀਵਨ ਦੀ ਸਾਖੀ ਸੁਣਾਉਂਦਾ। ਕਦੇ ਕੋਈ ਭਾਈ ਮਰਦਾਨੇ ਤੋਂ ਸੁਣੀ ਹੋਈ ਸਤਿ-ਗੁਰੂ ਨਾਨਕ ਦੇਵ ਜੀ ਦੇ ਕੌਤਕ ਵਰਨਣ ਕਰਦਾ। ਸਤਿਗੁਰੂ ਜੀ ਹਜ਼ੂਰੀ ਲਿਖਾਰੀ ਤੋਂ ਇਹ ਸਾਖੀਆਂ ਲਿਖਵਾ ਕੇ ਸਾਂਭੀ ਜਾਂਦੇ।

ਇਕ ਦਿਨ ਸੇਵਾ ਦੇ ਪਰਥਾਇ ਗੱਲ ਚੱਲੀ। ਸਤਿਗੁਰੂ ਨਾਨਕ ਦੇਵ ਜੀ ਦੀ ਸੱਚੇ ਸੌਦੇ ਦੀ ਮਰਦਾਨੇ ਕੋਲੋਂ ਸੁਣੀ ਸਾਖੀ ਇਕ ਸਿਖ ਨੇ ਸੁਣਾਈ। ਭਾਈ ਬੁੱਢਾ ਜੀ ਨੇ ਸੇਵਾ ਦੀ ਮਹਾਨਤਾ



www.AKJ.Org

ਦਸਦਿਆਂ ਗੁਰੂ ਅੰਗਦ ਦੇਵ ਜੀ ਦੀ ਗੁਰਸੇਵਾ ਤੇ ਲੋਕ-ਸੇਵਾ ਦੀਆਂ ਅੱਖੀਂ ਡਿੱਠੀਆਂ ਤੇ ਸੁਣੀਆਂ ਸਾਖੀਆਂ ਸੁਣਾਈਆਂ। ਸਤਿਗੁਰੂ ਅੰਗਦ ਦੇਵ ਜੀ ਅੱਖਾਂ ਮੂੰਦ ਕੇ ਇਹ ਸਭ ਕੁਝ ਸੁਣਦੇ ਰਹੇ, ਜਿਵੇਂ ਅੰਤਰ-ਆਤਮੇ ਸਤਿਗੁਰੂ ਬਾਬੇ ਨਾਨਕ ਦੇ ਦਰਸ਼ਨ ਕਰ ਰਹੇ ਹੋਣ। ਸਾਖੀ ਦੇ ਅੰਤ ਤੇ ਸਤਿਗੁਰੂ ਨੇ ਨੇਤਰ ਖੋਲ੍ਹੇ। ਉਨ੍ਹਾਂ ਵਿਚ ਸ਼ਰਧਾ ਭਾਵ ਤੇ ਪ੍ਰੇਮ ਡੁਲ੍ਹ ਡੁਲ੍ਹ ਪੈਂਦਾ ਸੀ। ਮੁਖਾਰਬਿੰਦ ਤੋਂ ਬਚਨ ਹੋਇਆ, "ਅਸੀਂ ਕੁਝ ਨਹੀਂ ਕੀਤਾ। ਸਭ ਕੁਝ ਸਤਿਗੁਰਾਂ ਨੇ ਆਪ ਕਰਵਾਇਆ। ਅਸੀਂ ਤਾਂ ਗੁਰਬਾਣੀ ਦੇ ਆਸ਼ੇ ਤੇ ਚੱਲਣ ਦਾ ਜਤਨ ਮਾਤਰ ਕੀਤਾ। ਸੇਵਾ ਪਰੇ ਤੋਂ ਪਰੇ ਹੈ। ਸੇਵਾ ਨਾਲ ਵਾਹੇ ਸੁਹਾਗੇ ਮਨ ਵਿਚ ਨਾਮ ਦਾ ਬੀਜ ਬੀਜਿਆ ਜਾ ਸਕਦਾ ਹੈ। ਸੇਵਾ ਅਹੰਕਾਰ ਦਾ ਨਾਸ ਕਰਦੀ ਹੈ, ਨਿਮਰਤਾ ਲਿਆਉਂਦੀ ਹੈ। ਸੇਵਾ ਦੋਹੀਂ ਧਿਰੀਂ ਭਲਾ ਕਰਦੀ ਹੈ। ਪਰ ਸੇਵਾ ਤਾਂ ਮੁੱਢ ਹੈ, ਅਰੰਭ ਹੈ, ਆਤਮਕ-ਜੀਵਨ ਦਾ; ਇਹ ਮੁਖ ਮਨੋਰਥ ਨਹੀਂ।"

ਸ੍ਰੀ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਮਹਾਨ ਸੇਵਾ ਦੀਆਂ ਸਾਖੀਆਂ ਨਿਕਟਵਰਤੀ ਸਿਖ ਭਾਈ ਬੁੱਢਾ ਜੀ ਕੋਲੋਂ ਸੁਣੀਆਂ।ਉਨ੍ਹਾਂ ਨੂੰ ਮਾਤਾ ਖੀਵੀ ਜੀ ਦੀ ਸੇਵਾ ਦੇ ਅਰਥ ਦਾ ਪਤਾ ਲਗਾ। ਆਪਣੀ ਸੇਵਾ ਉਨ੍ਹਾਂ ਨੂੰ ਤੁਛ ਜਹੀ ਜਾਪੀ। ਉਨ੍ਹਾਂ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਵੀ ਸਤਿਗੁਰੂ ਦੇ ਮਹਿਲਾਂ ਤੋਂ ਆਗਿਆ ਪ੍ਰਾਪਤ ਕਰ ਕੇ ਸੰਭਾਲ ਲਈ। ਦੁਪਹਿਰੇ ਲੰਗਰ ਦੀ ਕਾਰ ਮੁਕਣ ਤੋਂ ਮਗਰੋਂ ਉਹ ਆਪਣੇ ਬਿਰਧ ਸਰੀਰ ਨੂੰ ਆਰਾਮ ਦੇਣ ਦੀ ਥਾਂ, ਲੰਗਰ ਲਈ ਲੱਕੜਾਂ ਲਿਆਉਣ ਲਈ ਬਿਆਸ ਦੇ ਬੇਲੇ ਦੇ ਜੰਗਲ ਵਲ ਤੁਰ ਜਾਂਦੇ; ਲਕੜਾਂ ਬੰਨ੍ਹ ਕੇ ਸਿਰ ਤੇ ਚੁਕ ਲਿਅਉਂਦੇ।

ਪਿੰਡ ਸੁਨੇਹਾ ਭੇਜ ਦਿਤਾ ਕਿ ਘਰ ਦੇ ਕੰਮ ਘਰ ਵਾਲੇ ਸੰਭਾਲ ਲੈਣ। ਘਰ ਵਾਲੇ ਉਨ੍ਹਾਂ ਦੀ ਅਧਿਆਤਮਕ ਲਗਨ ਨੂੰ ਅੱਗੇ ਹੀ ਜਾਣਦੇ ਸਨ। ਘਰ ਦੀ ਖੇਤੀ ਤੇ ਪਿੰਡ ਵਿਚਲੀ ਹੱਟੀ ਦੇ ਆਸਰੇ ਉਨ੍ਹਾਂ ਘਰ ਨੂੰ ਸੰਭਾਲ ਲਿਆ। ਜਦੋਂ ਦੇਖੋ, ਅਮਰਦਾਸ ਜੀ ਕਿਸੇ ਕਾਰ ਵਿਚ ਲਗੇ ਹਨ। ਜਦੋਂ ਹੋਰ ਸਿੱਖਾਂ ਦੀ ਸਹਾਇਤਾ ਨਾਲ ਲੰਗਰ ਦੇ ਬਾਲਣ ਦੇ ਅੰਬਾਰ ਲੱਗ ਜਾਂਦੇ ਤਾਂ ਉਹ ਭਾਈ ਬੁੱਢਾ ਜੀ, ਭਾਈ ਜੋਧ ਜੀ ਵਰਗੇ ਗੁਰਸਿਖਾਂ ਕੋਲੋਂ ਸੁਣ ਕੇ ਬਾਣੀ ਕੰਠ ਕਰਦੇ। ਕੀਰਤਨ ਵੇਲੇ ਵੀ ਬਾਣੀ ਸੁਣ ਕੇ ਕੰਠ ਕਰ ਕੇ ਮਗਰੋਂ ਲਿਖ ਲੈਂਦੇ। ਉਨ੍ਹਾਂ ਦੀ ਲਗਨ ਦੇਖ ਭਾਈ ਬੁੱਢਾ ਜੀ ਨੇ ਉਨ੍ਹਾਂ ਦੀ ਪਹੁੰਚ ਬਾਣੀ ਦੀਆਂ ਸੈਂਚੀਆਂ ਤਕ ਕਰਾ ਦਿਤੀ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸ਼ਲੋਕਾਂ ਤੇ ਭਗਤਾਂ ਦੀ ਰਚਨਾ ਨੂੰ ਪੜ੍ਹਦੇ, ਵਿਚਾਰਦੇ ਤੇ ਉਨ੍ਹਾਂ ਤੇ ਚਲਣ ਲਈ ਪੂਰੀ ਵਾਹ ਲਾਉਂਦੇ। ਕੁਝ ਰਾਗਾਂ ਦੀ ਸਮਝ ਤੇ ਪਛਾਣ ਅੱਗੇ ਹੀ ਉਨ੍ਹਾਂ ਨੂੰ ਸੀ। ਪਹਿਲੋਂ ਬਿਸ਼ਨ-ਪਦੇ ਤੇ ਗੰਗਾ-ਸਤੁਤੀ ਗਾਇਆ ਕਰਦੇ ਸਨ। ਹਜ਼ੂਰੀ ਰਬਾਬੀਆਂ ਤੋਂ ਬਾਣੀ ਵਿਚ ਵਰਤੇ ਕਈ ਰਾਗਾਂ ਦੇ ਹੋਰ ਸਰੂਪ ਵੀ ਉਹ ਕੀਰਤਨ ਸਮੇਂ ਸੁਣਿਆ ਕਰਦੇ। ਸੇਵਾ ਤੇ ਕੀਰਤਨ ਉਨ੍ਹਾਂ ਦੇ ਰੋਜ਼ ਦੇ ਵਿਵਹਾਰਕ ਜੀਵਨ ਤੇ ਅਧਿ-ਆਤਮਕ ਜੀਵਨ ਵਿਚ ਸੁਰ-ਤਾਲ ਵਰਗਾ ਸੰਗੀਤਕ ਸੁਮੇਲ ਲੈ ਆਏ। ਗੁਰੂ ਅੰਗਦ ਜੀ ਸ੍ਰੀ ਅਮਰਦਾਸ ਜੀ ਦੀ ਘਾਲ-ਕਮਾਈ ਨੂੰ ਵਾਚ ਤਾਂ ਰਹੇ ਸਨ, ਪਰ ਇਸ ਬਾਰੇ ਉਹ ਕੁਝ ਕਹਿੰਦੇ ਨਹੀਂ ਸਨ। ਨਿਕਟਵਰਤੀ ਸਿੱਖ ਉਨ੍ਹਾਂ ਦੀ ਸੇਵਾ ਨੂੰ ਪ੍ਰਸੰਸਾ ਦੀ ਦ੍ਰਿਸ਼ਟੀ ਨਾਲ ਦੇਖ ਰਹੇ ਸਨ, ਪਰ ਕੁਝ ਅਨਜਾਣ ਲੋਕ ਉਲਟ-ਪੁਲਟ ਗੱਲਾਂ ਵੀ ਕਰਦੇ ਸਨ। ਕੋਈ ਕਹਿੰਦਾ, "ਦੇਖੋ, ਇਸ ਦੀ ਮੱਤ ਮਾਰੀ ਹੋਈ ਹੈ। ਕੁੜਮਾਂ ਦੇ ਘਰ ਬੈਠਾ ਰੋਟੀਆਂ ਤੋੜਦਾ ਹੈ — ਉਹ ਵੀ ਭਤੀਜੇ ਦੇ ਸਹੁਰਿਆਂ ਦੇ ਘਰ।" ਕੋਈ ਕਹਿੰਦਾ, "ਘਰੋਂ ਮਾੜੇ ਹੋਣੇ ਨੇ ਤਾਹੀਓਂ ਏਥੇ ਬੈਠਾ ਵਿਹਲੀਆਂ ਖਾਂਦਾ ਹੈ।" ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਸ੍ਰੀ ਅਮਰਦਾਸ ਨੂੰ ਆਪਣੇ ਘਰ ਵਿਚ ਚੰਗੇ ਕਪੜੇ ਪ੍ਰਾਪਤ ਸਨ। ਉਹ ਲੋਕ ਗੁਰੂ ਤੇ ਸਿੱਖ ਦੇ ਰਿਸ਼ਤੇ ਨੂੰ ਸਮਝਣੋਂ ਅਸਮਰੱਥ



www.AKJ.Org

ਸਨ। ਉਹ ਦੁਨੀਆਦਾਰੀ ਦੇ ਰਿਸ਼ਤਿਆਂ ਨੂੰ ਹੀ ਮਹਾਨਤਾ ਦਿੰਦੇ ਸਨ। ਸ੍ਰੀ ਅਮਰਦਾਸ ਜੀ ਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਸੀ। ਉਹ ਗੁਰੂ ਕੇ ਲੰਗਰ ਤੋਂ ਪ੍ਰਾਪਤ ਹਰ ਤਰ੍ਹਾਂ ਦੇ ਖਾਣੇ ਨੂੰ ਪ੍ਰਸ਼ਾਦ, ਭਾਵ ਗੁਰੂ ਦੀ ਕਿਰਪਾ ਸਮਝਦੇ ਸਨ। ਉਹ ਸਾਲ ਮਗਰੋਂ ਮਿਲੇ ਖੱਦਰ ਦੇ ਸਿਰੋਪਾ ਤੇ ਚੋਲੇ ਨੂੰ ਸ਼ਹਿਨਸ਼ਾਹੀ ਖ਼ਿੱਲਤ ਤੋਂ ਵਡੀ ਦਾਤਿ ਮੰਨਦੇ ਸਨ।

ਸੇਵਾ ਦੇ ਪਹਿਲੇ ਦਿਨਾਂ ਵਿਚ ਹੀ ਉਨ੍ਹਾਂ ਗੁਰੂ ਅੰਗਦ ਦੇਵ ਜੀ ਦਾ ਸਲੋਕ ਸੁਣਿਆ ਸੀ, ਜਿਸ ਵਿਚਲੀਆਂ ਦੋ ਤੁਕਾਂ ਇਹ ਸਨ :

ਚਉਥੈ ਪਹਿਰ ਸਬਾਹ ਕੈ,
ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ ॥

ਸਤਿਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਸਾਹਿਬ ਵਿਚ ਰੋਜ਼ ਦੇ ਜੀਵਨ ਦਾ ਇਸ ਵਿਚ ਝਾਂਵਲਾ ਦਿਸਦਾ ਸੀ। ਤੀਜੇ ਪਹਿਰ ਦੇ ਮੁੱਕਣ ਤੇ ਦਰਿਆ ਰਾਵੀ ਵਿਚ ਇਸ਼ਨਾਨ, ਫੇਰ ਚੌਥੇ ਪਹਿਰ ਵਾਹਿਗੁਰੂ ਦਾ ਸਿਮਰਨ, ਕਥਾ-ਕੀਰਤਨ ਮਗਰੋਂ ਸੱਤ ਪਹਿਰ ਸੱਚਾ-ਸੁੱਚਾ ਵਿਹਾਰ-ਕਾਰ। ਸ੍ਰੀ ਗੁਰੂ ਅੰਗਦ ਦੇਵ ਜੀ ਤੀਜੇ ਪਹਿਰ ਦੇ ਮੁੱਕਦਿਆਂ ਸਾਵਧਾਨ ਹੋ ਕੇ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਦੇ ਸਨ। ਸ੍ਰੀ ਅਮਰਦਾਸ ਜੀ ਦੇ ਮਨ ਵਿਚ ਸ਼ਰਧਾ ਦਾ ਹੜ ਵਗ ਤੁਰਿਆ ਸੀ। ਉਨ੍ਹਾਂ ਸੋਚਿਆ ਕਿ ਪੂਰਨ ਗੁਰੂ ਦੇ ਚਰਨਾਂ ਵਿਚ ਰੋਜ਼ ਦਰਿਆ ਲਿਆਉਣਾ ਚਾਹੀਦਾ ਹੈ, ਤਾਂ ਜੁ ਉਸ ਦੇ ਜਲ ਵਿਚ ਗੁਰੂ ਮਹਾਰਾਜ ਇਸ਼ਨਾਨ ਕਰਨ ਤੇ ਤਿੰਨਾਂ ਕੋਹਾਂ ਤੇ ਵਗਦਾ ਬਿਆਸਾ ਦਰਿਆ ਵੀ ਗੁਰ-ਸੇਵਾ ਕਰ ਕੇ ਜੀਵਨ ਦਾ ਲਾਹਾ ਲੈ ਲਵੇ। ਖਡੂਰ ਤੋਂ ਦਰਿਆ ਤਕ ਦਾ ਰਾਹ ਸੌਖਾ ਨਹੀਂ ਸੀ, ਰਾਹ ਵਿਚ ਜੰਗਲ ਪੈਂਦਾ ਸੀ, ਅਗੇ ਢਾਹਿਆਂ ਤੋਂ ਉਤਰ ਕੇ ਬੇਲੇ ਵਿਚੋਂ ਲੰਘਣਾ ਪੈਂਦਾ ਸੀ, ਰਾਹ ਖਹਿੜਾ ਵੀ ਕੋਈ ਸਾਫ਼ ਨਹੀਂ ਬਣਿਆ ਹੋਇਆ ਸੀ। ਪਰ ਸ੍ਰੀ ਅਮਰ ਦਾਸ ਜੀ ਨੇ ਇਨ੍ਹਾਂ ਔਕੜਾਂ ਤੇ ਖ਼ਤਰਿਆਂ ਦੀ ਕੋਈ ਪਰਵਾਹ ਨਾ ਕੀਤੀ। ਲੰਗਰ ਵਿਚੋਂ ਸਭ ਤੋਂ ਵਡੀ ਗਾਗਰ ਚੁਣੀ, ਜਿਸ ਦੇ ਪਾਣੀ ਨਾਲ ਗੁਰੂ ਜੀ ਦਾ ਖੁਲ੍ਹਾ ਇਸ਼ਨਾਨ ਹੋ ਜਾਵੇ। ਉਹ ਤੀਜੇ ਪਹਿਰੇ ਹੀ ਜਾਗ ਪੈਂਦੇ। ਗਾਗਰ ਚੁੱਕਦੇ ਦਿਨ ਵੇਲੇ ਦੇਖੇ ਬੇਰਾਹ ਰਾਹ ਤੇ ਤੁਰ ਪੈਂਦੇ। ਜੰਗਲ ਬੇਲੇ ਝਾਗਦੇ, ਪਹਾੜੀਆਂ ਵਰਗੇ ਢਾਏ ਤੋਂ ਉਤਰਦੇ ਦਰਿਆ ਦੀ ਧਾਰ ਤਕ ਪਹੁੰਚ ਪੈਂਦੇ। ਆਪ ਇਸ਼ਨਾਨ ਕਰਦੇ, ਗਾਗਰ ਮਾਂਜਦੇ, ਡੂੰਘੇ ਪਾਣੀ ਲਿਜਾ ਕੇ ਭਰਦੇ ਤੇ ਪਾਣੀ ਵਿਚ ਨਿਉਂ ਕੇ ਸਿਰ ਤੇ ਚੁੱਕ ਲੈਂਦੇ। ਇਉਂ ਜਾਪਦਾ ਜਿਵੇਂ ਦਰਿਆ ਭਾਰੀ ਗਾਗਰ ਚੁਕਾਉਣ ਵਿਚ ਉਨ੍ਹਾਂ ਦੀ ਸਹਾਇਤਾ ਕਰਦਾ ਹੋਵੇ, ਬਾਹਰ ਨਿਕਲ ਕੇ ਬੇਲਾ ਪਾਰ ਕਰਦੇ, ਫੇਰ ਢਾਹੇ ਦੀ ਚੜ੍ਹਾਈ ਆ ਜਾਂਦੀ। ਬਿਰਧ-ਸਰੀਰ ਮਾਨੋ ਆਤਮਕ ਬਲ ਨਾਲ ਚੜ੍ਹਾਈ ਚੜ੍ਹਦਾ। ਕੋਹ ਵਾਟ ਤੁਰ ਕੇ ਇਕ ਕਰੀਰ ਦੇ ਮੁਢ ਵਿਚੋਂ ਨਿਕਲੇ ਦੁਸ਼ਾਖੇ ਤੇ ਭਾਰੀ ਗਾਗਰ ਰੱਖ ਕੇ ਕੁਝ ਚਿਰ ਸਾਹ ਲੈਂਦੇ। ਫੇਰ ਗਾਗਰ ਚੁਕ ਕੇ ਇਕੋ ਸਾਹੇ ਦੋ ਕੋਹ ਤੁਰ ਕੇ ਖਡੂਰ ਸਾਹਿਬ ਪਹੁੰਚ ਕੇ ਚੌਥੇ ਪਹਿਰ ਦੇ ਸ਼ੁਰੂ ਹੁੰਦਿਆਂ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ, ਉਨ੍ਹਾਂ ਦੇ ਬਸਤਰ ਪਖਾਲਦੇ ਤੇ ਸੁਕਣੇ ਪਾਉਂਦੇ। ਅੰਮ੍ਰਿਤ ਵੇਲੇ ਕੀਰਤਨ ਸੁਣਦੇ ਤੇ ਗਾਉਂਦੇ। ਗੁਰੂ ਜੀ ਦਾ ਪ੍ਰਵਚਨ ਸੁਣਦੇ। ਫੇਰ ਲੰਗਰ ਲਈ ਖੂਹ ਤੋਂ ਜਲ ਲਿਆਉਂਦੇ ਅਤੇ ਲੰਗਰ ਤੇ ਹੋਰ ਕੰਮਾਂ ਵਿਚ ਲੱਗ ਜਾਂਦੇ। ਲੰਗਰ ਵਰਤ ਜਾਣ ਮਗਰੋਂ ਭਾਂਡੇ ਸਾਫ਼ ਕਰਨ ਦੀ ਸੇਵਾ ਮੁਕਾ ਕੇ ਜੇ ਸਮਾਂ ਮਿਲਦਾ ਤਾਂ ਇਕ ਥੜੇ ਜਹੇ ਤੇ ਬੈਠ ਕੇ ਸੈਂਚੀ ਵਿਚੋਂ ਸਤਿਗੁਰੂ ਨਾਨਕ ਜੀ, ਗੁਰੂ ਅੰਗਦ ਦੇਵ ਜੀ ਅਤੇ ਭਗਤਾਂ ਦੀ ਬਾਣੀ ਦਾ ਅਧਿਐਨ ਕਰਦੇ। ਉਸ ਤੋਂ ਮਗਰੋਂ ਲੰਗਰ ਲਈ ਲਕੜਾਂ ਲੈਣ ਜੰਗਲ ਵਿਚ ਤੁਰ ਜਾਂਦੇ। ਲਕੜਾਂ ਲਿਆ ਕੇ ਲੰਗਰ ਦੀ ਤਿਆਰੀ ਦਾ ਕੰਮ ਅਰੰਭ ਕਰਵਾ ਕੇ ਤ੍ਰਿਕਾਲਾਂ ਦੇ ਦੀਵਾਨ ਵਿਚ ਹਰਿ-ਕੀਰਤਨ ਸੁਣਦੇ ਤੇ ਕਰਦੇ ਅਤੇ ਆਏ ਸਿਖਾਂ ਨੂੰ ਦਿਤੇ



www.AKJ.Org

ਉਪਦੇਸ਼ ਨੂੰ ਗਹੁ ਨਾਲ ਸੁਣਦੇ। ਜਦੋਂ ਸਤਿਗੁਰੂ ਨਾਨਕ ਦੀ ਜੀਵਨ-ਸਾਖੀ ਕੋਈ ਸਿਖ ਸੁਣਾਉਂਦਾ ਤਾਂ ਉਸ ਵਲ ਗ਼ੋਰ ਕਰਦੇ। ਉਨ੍ਹਾਂ ਨੂੰ ਦ੍ਰਿੜ੍ਹ ਹੋ ਗਿਆ ਕਿ ਹਰਿਦੁਆਰ ਵਿਚ ਪੱਛਮ ਵਲ ਪਾਣੀ ਦੇ ਕੇ ਕੁਰਾਹੇ ਪਏ ਲੋਕਾਂ ਨੂੰ ਭਰਮ-ਭੁਲੇਖਿਆ ਵਿਚੋਂ ਕੱਢਣ ਵਾਲਾ ਪੰਜਾਬੀ ਮਹਾਂਪੁਰਸ਼ ਸਤਿਗੁਰੂ ਨਾਨਕ ਜੀ ਹੀ ਸਨ।ਉਨ੍ਹਾਂ ਨੂੰ ਪਤਾ ਲੱਗਾ ਕਿ ਸਤਿਗੁਰੂ ਨਾਨਕ ਉਨ੍ਹਾਂ ਦੇ ਸਮਕਾਲੀ ਹੀ ਸਨ, ਪਰ ਉਨ੍ਹਾਂ ਨੂੰ ਉਨ੍ਹਾਂ ਦੇ ਸਰੀਰਕ ਰੂਪ ਵਿਚ ਦਰਸ਼ਨ ਨਾ ਹੋ ਸਕੇ। ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਸਾਲ ਕੁ ਮਗਰੋਂ ਹੀ ਉਹ ਗੁਰੂ ਅੰਗਦ ਰੂਪ ਵਿਚ ਉਨ੍ਹਾਂ ਦੇ ਦਰਸ਼ਨ ਕਰ ਸਕੇ ਸਨ। ਜਗੰਨਾਥ ਪੁਰੀ ਵਿਚ ਉਨ੍ਹਾਂ ਹੀ ਝੂਠੀ ਆਰਤੀ ਦੇ ਮੁਕਾਬਲੇ ਸੱਚੀ ਆਰਤੀ ਉਚਾਰੀ ਸੀ। ਉਨ੍ਹਾਂ ਨੇ ਸੱਜਣ ਠੱਗ ਦਾ ਨਿਸਤਾਰਾ ਕੀਤਾ ਸੀ, ਉਨ੍ਹਾਂ ਕੁਰਕਸ਼ੇਤਰ ਵਿਚ ਤੀਰਥ-ਯਾਤ੍ਰੀਆਂ ਨੂੰ ਦਸਿਆ ਸੀ ਕਿ ਸੂਰਜ-ਗ੍ਰਹਿਣ ਇਕ ਭੌਤਿਕ ਵਰਤਾਰਾ ਹੈ, ਧਰਮ ਨਾਲ ਇਸ ਦਾ ਕੋਈ ਸੰਬੰਧ ਨਹੀਂ, ਉਨ੍ਹਾਂ ਵਾਮ ਮਾਰਗੀ ਨੂਰਲ-ਨਿਸਾ (ਨੂਰ ਸ਼ਾਹ) ਤੇ ਉਸ ਦੀਆਂ ਸਾਥਣਾਂ ਦੇ ਬੰਧਨ ਕੱਟੇ ਸਨ। ਉਨ੍ਹਾਂ ਕੁਰਾਹੇ ਪਏ ਸਿਧਾਂ ਤੇ ਸੂਫੀਆਂ ਨਾਲ ਗੋਸ਼ਟਾਂ ਕਰ ਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਇਆ ਸੀ, ਉਨ੍ਹਾਂ ਮੱਕੇ ਜ਼ਾਹਰੀ ਕਲਾ ਦਿਖਾਈ ਸੀ ਤੇ ਬਗਦਾਦ ਵਿਚ ਅਸਲੀ ਨਮਾਜ਼ ਦਾ ਸਰੂਪ ਦਸਿਆ ਸੀ। ਸ੍ਰੀ ਅਮਰਦਾਸ ਜੀ ਆਪਣੇ ਆਪ ਨੂੰ ਅਭਾਗਾ ਸਮਝਦੇ ਸਨ ਕਿਉਂਜੁ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨਾ ਕਰ ਸਕੇ, ਜਦ ਕਿ ਉਹ ਉਨ੍ਹਾਂ ਦੇ ਹੁੰਦਿਆਂ ਇਸ ਸੰਸਾਰ ਵਿਚ ਵਿਚਰ ਰਹੇ ਸਨ। ਉਹ ਆਪਣੇ ਆਪ ਨੂੰ ਵਡਿਆਂ ਭਾਗਾਂ ਵਾਲਾ ਵੀ ਸਮਝਦੇ ਸਨ ਕਿਉਂਕਿ ਉਨ੍ਹਾਂ ਦੀ ਜੋਤਿ ਦੇ ਦਰਸ਼ਨ ਉਹ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚੋਂ ਕਰ ਸਕੇ। ਗੁਰੂ ਨਾਨਕ ਨੇ ਕੁਸ਼ਟ ਰੋਗ ਵਿਚ ਗ੍ਰਸੇ ਲੋਕਾਂ ਦੀਆਂ ਕੁਟੀਆਂ ਵਿਚ ਨਿਵਾਸ ਕੀਤਾ ਸੀ, ਉਨ੍ਹਾਂ ਦੀ ਸੇਵਾ ਕੀਤੀ ਸੀ ਅਤੇ ਉਨ੍ਹਾਂ ਦੇ ਸਰੀਰਕ ਤੇ ਮਾਨਸਕ ਕਸ਼ਟਾਂ ਨੂੰ ਦੂਰ ਕੀਤਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਪੜ੍ਹਦੇ :—

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰ ਤੇਰੀ ਬਖਸੀਸ ॥

ਤਾਂ ਗਦ ਗਦ ਹੋ ਉੱਠਦੇ। ਉਨ੍ਹਾਂ ਦੇ ਮਨ ਵਿਚੋਂ ਊਚ ਨੀਚ ਦੇ ਬ੍ਰਾਹਮਣੀ ਵਿਚਾਰ ਕਦੋਂ ਦੇ ਪਰ ਲਾ ਕੇ ਉੱਡ ਗਏ ਸਨ। ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਮਨੁਖ ਮਾਤਰ ਨੂੰ ਸਮਾਨ ਦੇਖਣ ਵਾਲੀ ਦ੍ਰਿਸ਼ਟੀ ਪ੍ਰਾਪਤ ਹੋ ਗਈ ਸੀ।

ਸ਼ਾਮ ਦੇ ਕਥਾ-ਕੀਰਤਨ ਉਪਰੰਤ ਸ੍ਰੀ ਅਮਰਦਾਸ ਜੀ ਲੰਗਰ ਦੀ ਸੇਵਾ ਲੱਗ ਜਾਂਦੇ। ਲੰਗਰ ਦਾ ਕੰਮ ਮੁਕਾ ਕੇ ਗੁਰੂ ਜੀ ਦੀ ਮੁੱਠੀ ਚਾਪੀ ਕਰਦੇ ਅਤੇ ਉਨ੍ਹਾਂ ਤੋਂ ਆਗਿਆ ਲੈ ਕੇ ਰਾਤ ਦਾ ਬਿਸਰਾਮ ਕਰਦੇ। ਆਲਸ ਨੂੰ ਲਾਗੇ ਨਾ ਛੂਹਣ ਦਿੰਦੇ ਅਤੇ ਰਾਤ ਦੇ ਤੀਜੇ ਪਹਿਰ ਦੇ ਅੱਧ ਵਿਚ ਹੀ ਜਾਗ ਪੈਂਦੇ ਤੇ ਫੇਰ ਰੋਜ਼ ਦੀ ਸੇਵਾ ਵਿਚ ਲੱਗ ਜਾਂਦੇ। ਹਾੜ-ਸਿਆਲ ਚਾਨਣੀਆਂ-ਹਨੇਰੀਆਂ ਰਾਤਾਂ ਦਾ ਉਨ੍ਹਾਂ ਦੀ ਨਿਤ ਦੀ ਸੇਵਾ ਤੇ ਕੋਈ ਅਸਰ ਨਾ ਪੈਂਦਾ। ਏਦਾਂ ਅੱਠ ਸਾਲ ਬੀਤ ਗਏ।

ਇਕ ਸਿਆਲੀ ਰਾਤ ਸੀ। ਪਹਿਰ ਰਾਤ ਗਿਆਂ ਹੀ ਠੱਕਾ ਵਗਣ ਲਗ ਪਿਆ। ਅੱਧੀ ਰਾਤ ਨੂੰ ਬੱਦਲ ਘਿਰ ਆਏ। ਨਿੱਤ ਦੇ ਨੇਮ ਦੇ ਆਸਰੇ ਜਦੋਂ ਸ੍ਰੀ ਅਮਰਦਾਸ ਜੀ ਜਾਗੇ ਤਾਂ ਬੱਦਲ ਕੜਕ ਰਹੇ ਸਨ। ਪਲ ਮਗਰੋਂ ਬਿਜਲੀ ਦੇ ਤੇਜ਼ ਚਮਕਾਰ ਹਨੇਰੇ ਨੂੰ ਹੋਰ ਵੀ ਭਿਆਨਕ ਬਣਾਉਣ ਲਗੇ। ਉਹ ਉੱਠੇ ਤੇ ਲੰਗਰ ਵਿਚੋਂ ਵੱਡੀ ਗਾਗਰ ਚੁੱਕੀ। ਖੜਾਕ ਹੋਇਆ ਤਾਂ ਕਿਸੇ ਸਿਖ ਨੇ ਆਵਾਜ਼ ਦਿਤੀ, "ਕੌਣ ਹੈ ਐਸ ਵੇਲੇ ?"

"ਮੈਂ ਹਾਂ ਅਮਰੂ, ਸਤਿਗੁਰੂ ਜੀ ਦੇ ਇਸ਼ਨਾਨ



www.AKJ.Org

ਲਈ ਬਿਆਸਾ ਤੋਂ ਜਲ ਲੈਣ ਚੱਲਿਆ ਹਾਂ।''

''ਬਾਬਾ ਜੀ, ਅੱਜ ਕੋਈ ਦਰਿਆ ਤੋਂ ਪਾਣੀ ਲਿਆਉਣ ਵਾਲੀ ਰਾਤ ਹੈ ? ਖੂਹ ਦੇ ਜਲ ਨਾਲ ਗੁਰੂ ਜੀ ਦਾ ਅਸ਼ਨਾਨ ਕਰਵਾ ਦੇਣਾ।''

''ਨਹੀਂ ਭਾਈ ਜੀ, ਸਤਿਗੁਰੂ ਜੀ ਨੂੰ ਦਰਿਆ ਦਾ ਜਲ ਬਹੁਤ ਭਾਉਂਦਾ ਹੈ। ਮੈਂ ਆਪਣਾ ਨੇਮ ਤੋੜ ਕੇ ਸਤਿਗੁਰਾਂ ਦੀ ਅਵੱਗਿਆ ਨਹੀਂ ਕਰ ਸਕਦਾ । ਤੁਸੀਂ ਵਿਸਰਾਮ ਕਰੋ, ਮੈਂ ਹੁਣੇ ਮੁੜਿਆ।''

ਤੇ ਜਿੰਨੇ ਚਿਰ ਨੂੰ ਕੋਈ ਹੋਰ ਸਿੱਖ ਬੋਲਦਾ, ਸ੍ਰੀ ਅਮਰਦਾਸ ਜੀ ਗਾਗਰ ਚੁਕ ਕੇ ਰਾਹੇ ਪੈ ਚੁਕੇ ਸਨ । ਠੱਕਾ ਵੱਗ ਰਿਹਾ ਸੀ ਤੇ ਸੀਤ ਰੋਮ ਰੋਮ ਰਾਹੀਂ ਸਰੀਰ ਵਿਚ ਧਸਦੀ ਜਾਂਦੀ ਸੀ, ਪਰ ਅੰਦਰਲੀ ਜੋਤ, ਪ੍ਰਕਾਸ਼ ਦੇ ਨਾਲ ਸੀਤ ਦਾ ਟਾਕਰਾ ਕਰਨ ਲਈ ਅੰਦਰੋਂ ਤਾਪ ਵੀ ਦੇ ਰਹੀ ਸੀ। ਉੱਚੇ ਦਰੱਖ਼ਤਾਂ ਦੇ ਸਿਰ ਝੁਕ ਰਹੇ ਸਨ। ਬਿਜਲੀ ਦੇ ਚਮਕਣ ਮਗਰੋਂ ਕਈ ਪਲ ਆਲੇ ਦੁਆਲੇ ਕੁਝ ਨਹੀਂ ਸੀ ਦਿਸਦਾ। ਕਈ ਵਾਰੀ ਦੂਰ ਦੇ ਦਰੱਖ਼ਤ ਦੇਵਾਂ ਵਾਂਗ ਹੁੰਕਾਰਦੇ ਤੇ ਨਾਗਾਂ ਵਾਂਗ ਫੁੰਕਾਰਦੇ ਸੁਣੀਦੇ ਸਨ। ਸ੍ਰੀ ਅਮਰਦਾਸ ਜੀ ਪੈਰਾਂ-ਲਗੇ ਪੈਂਡੇ ਤੇ ਤੁਰੇ ਜਾ ਰਹੇ ਸਨ। 'ਧਾਤ ਕਈ ਵਾਰ ਬਿਜਲੀ ਨੂੰ ਆਕਰਸ਼ਿਤ ਕਰਦੀ ਹੈ' ਇਹ ਗੱਲ ਉਨ੍ਹਾਂ ਨੇ ਸੁਣੀ ਹੋਈ ਸੀ, ਪਰ ਉਹ ਨਿਰਭੈ ਸਿਰ ਤੇ ਗਾਗਰ ਚੁਕੀ ਪੁਠੇ ਪੈਰੀਂ ਉਸ ਕਰੀਰ ਤਕ ਪਹੁੰਚ ਗਏ ਜਿੱਥੇ ਉਹ ਵਾਪਸ ਆਉਂਦਿਆਂ ਸਾਹ ਲਿਆ ਕਰਦੇ ਸਨ। ਉਥੋਂ ਉਨ੍ਹਾਂ ਆਪਣਾ ਮੂੰਹ ਦਰਿਆ ਵਲ ਕੀਤਾ ਤੇ ਠੱਕਾ ਜੋ ਪਹਿਲਾਂ ਉਨ੍ਹਾਂ ਦੇ ਮੂੰਹ ਤੇ ਵੱਜਦਾ ਸੀ, ਹੁਣ ਪਿੱਠ ਵਲੋਂ ਉਨ੍ਹਾਂ ਨੂੰ ਧੱਕਣ ਲੱਗਾ। ਪੈਰਾਂ ਲੱਗੇ ਰਾਹ ਤੇ ਡੋਲਦੇ, ਸੰਭਲਦੇ ਉਹ ਵਾਹੋਦਾਹੀ ਭੱਜੇ ਜਾ ਰਹੇ ਸਨ । ਅਖੀਰ ਢਾਹੇ ਤੋਂ ਉਤਰਨ ਵੇਲੇ ਹਵਾ ਹੋਰ ਤੇਜ਼ ਹੋ ਗਈ ਤੇ ਝੱਖੜ ਦਾ ਰੂਪ ਧਾਰ ਗਈ। ਸ੍ਰੀ ਅਮਰਦਾਸ ਜੀ ਸੰਭਲ ਸੰਭਲ ਕੇ ਪੈਰ ਟਿਕਾਉਂਦੇ ਢਾਹੇ ਤੋਂ ਉਤਰ ਗਏ ਤੇ ਦਰਿਆ ਦੇ ਪ੍ਰਵਾਹ ਦਾ ਰੁੱਖ ਕੀਤਾ। ਆਖ਼ਰ ਉਹ ਦਰਿਆ ਤੇ ਪਹੁੰਚ ਗਏ। ਬਿਜਲੀ ਕੜਕਦੀ ਤਾਂ ਅਕਾਸ਼ ਤੇ ਦਰਿਆ ਦੇ ਜਲ ਵਿਚੋਂ ਦੋ ਲਿਸ਼ਕਾਂ ਪੈਂਦੀਆਂ। ਅਸਮਾਨੀ ਤੇ ਜਲ ਵਿਚਲੀ ਲਿਸ਼ਕ ਚਕਾਚੌਂਦ ਕਰ ਦਿੰਦੀ। ਨਿਰਭੈ ਵਾਹਿਗੁਰੂ ਤੇ ਨਿਰਭੈ ਗੁਰੂ ਦੇ ਨਿਰਭੈ ਸਿੱਖ ਦੇ ਲਾਗੇ ਕੋਈ ਖੌਫ਼ ਨਾ ਫਟਕਿਆ। ਸ੍ਰੀ ਅਮਰਦਾਸ ਜੀ ਨੇ ਦਰਿਆ ਦੇ ਕੱਕਰ ਵਰਗੇ ਸੀਤ ਜਲ ਵਿਚ ਮੱਜਨ ਕੀਤਾ। ਰੋਜ਼ ਵਾਂਗ ਡੂੰਘੇ ਪਾਣੀ ਵਿਚ ਉਤਰ ਕੇ ਸੋਧੀ ਹੋਈ ਗਾਗਰ ਵਿਚ ਜਲ ਭਰ ਕੇ ਦਰਿਆ ਵਿਚ ਹੀ ਸਿਰ ਤੇ ਧਰ ਲਿਆ । ਬਾਹਰ ਨਿਕਲ ਕੇ ਬਸਤਰ ਚੁੱਕੇ ਤੇ ਵਾਪਸੀ ਯਾਤਰਾ ਤੇ ਰਵਾਨਾ ਹੋ ਪਏ। ਹਾਲੀ ਝੱਲ ਵਿਚ ਹੀ ਸਨ ਕਿ ਕਣੀਆਂ ਉਤਰ ਆਈਆਂ । ਢਾਹੇ ਦੇ ਪੈਰਾਂ ਵਿਚ ਪਹੁੰਚਦਿਆਂ ਕਣੀਆਂ ਬਹੁਤੀਆਂ ਤੇ ਮੋਟੀਆਂ ਹੋ ਗਈਆਂ। ਢਾਹੇ ਤੇ ਚੜ੍ਹਦੀ ਪਗਡੰਡੀ ਤਿਲ੍ਹਕਣੀ ਹੋ ਗਈ। ਸ੍ਰੀ ਅਮਰਦਾਸ ਜੀ ਸੰਭਲ ਸੰਭਲ ਪੈਰ ਧਰਦੇ, ਪਰ ਫੇਰ ਵੀ ਪੈਰ ਤਿਲ੍ਹਕ ਤਿਲ੍ਹਕ ਜਾਂਦੇ। ਉਹ ਡਿੱਗਣ ਲੱਗਦੇ, ਪਰ ਸੰਭਲ ਜਾਂਦੇ। ਸਰੀਰ ਤੇ ਆਤਮਾ ਦੇ ਸਾਰੇ ਬਲ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਗਾਗਰ ਨੂੰ ਸੰਭਾਲੀ ਰੱਖਿਆ। ਢਾਹੇ ਦੇ ਉਪਰ ਚੜ੍ਹ ਕੇ ਕੁਝ ਪੱਧਰੇ ਰਸਤੇ ਤੇ ਪਏ ਹੀ ਸਨ ਕਿ ਮੂਹਲੇਧਾਰ ਮੀਂਹ ਵਰ੍ਹਨ ਲੱਗ ਪਿਆ। ਮੀਂਹ ਉੱਤਰ-ਪਛਮ ਵਲੋਂ ਵਰ੍ਹਦਾ ਆ ਰਿਹਾ ਸੀ। ਵਾਛੜ ਸਾਹਮਣਿਓਂ ਪੈਂਦੀ ਸੀ। ਰਾਹ ਵਿਚ ਚਿੱਕੜ ਹੋ ਗਿਆ ਸੀ। ਮੀਂਹ ਤੇ ਝੱਖੜ ਪੈਰੋ ਪੈਰ ਤੇਜ਼ ਹੋ ਰਿਹਾ ਸੀ। ਬਿਜਲੀ ਦੇ ਕੜਕਣ ਨਾਲ ਦਰੱਖ਼ਤਾਂ ਤੋਂ ਟਾਹਣਾਂ ਦੇ ਟੁੱਟਣ ਦੇ ਕੜਾਕੇ ਸੁਣਾਈ ਦੇ ਰਹੇ ਸਨ। ਸਿੱਖ ਨੂੰ ਗੁਰੂ ਜੀ ਦੇ ਇਸ਼ਨਾਨ ਵਿਚ ਦੇਰ ਹੋ ਜਾਣ ਦਾ ਫਿਕਰ ਲੱਗਾ ਹੋਇਆ ਸੀ। ਪਵਨ ਤੇ ਇੰਦਰ ਸਿੱਖ ਦੀ ਪਰੀਖਿਆ ਲੈਣ ਤੇ ਤੁਲੇ ਹੋਏ ਸਨ, ਪਰ ਸ੍ਰੀ ਅਮਰਦਾਸ ਜੀ ਦੋਹਾਂ ਦੇ ਵਿਰੋਧ ਦਾ ਟਾਕਰਾ ਕਰਦੇ ਵਧਦੇ ਤੁਰੇ ਆ ਰਹੇ ਸਨ। ਸ਼ੇਖ ਫਰੀਦ ਦਾ ਸਲੋਕ ਉਨ੍ਹਾਂ ਦੀ ਰਸਨਾ ਉਤੇ ਸੀ :

ਫਰੀਦਾ ਗਲੀਏ ਚਿਕੜ ਦੂਰਿ ਘਰੁ
ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥

ਪਵਨ ਤੇ ਇੰਦਰ ਗੁਰਸਿੱਖ ਅਗੇ ਹਾਰਦੇ ਜਾਪੇ। ਝੱਖੜ ਹਲਕੀ ਚਾਲ ਹਵਾ ਵਿਚ ਬਦਲ ਗਿਆ।



www.AKJ.Org

ਮੁਹਲੇਧਾਰ ਬਰਖਾ ਫੂਰ ਬਣ ਗਈ। ਸ੍ਰੀ ਅਮਰਦਾਸ ਜੀ ਨੇ ਕਰੀਰ ਦੇ ਦੁਸ਼ਾਖੇ ਤੇ ਗਾਗਰ ਰੱਖ ਕੇ ਅਜ ਸਾਹ ਨਾ ਲਿਆ। ਤਿਲ੍ਹਕਦੇ ਸੰਭਲਦੇ ਉਹ ਮਾਰੋ ਮਾਰ ਕਰਦੇ ਖਡੂਰ ਸਾਹਿਬ ਵੱਲ ਵੱਧਦੇ ਜਾ ਰਹੇ ਸਨ। ਹੁਣ ਫੂਰ ਵਰ੍ਹਨੀ ਵੀ ਬੰਦ ਹੋ ਗਈ। ਬਿਜਲੀ ਲਿਸ਼ਕਣੋਂ ਰੁਕ ਗਈ ਸੀ ਤੇ ਹਨੇਰਾ ਵਧੇਰੇ ਸੰਘਣਾ ਹੋ ਗਿਆ ਸੀ। ਆਖ਼ਰ ਖਡੂਰ ਆ ਗਿਆ। ਸ੍ਰੀ ਅਮਰਦਾਸ ਜੀ ਨੇ ਗੁਰ-ਨਿਵਾਸ ਵਾਲੀ ਵੀਹ ਵਿਚ ਪੈਰ ਧਰੇ। ਤੁਰਦਿਆਂ ਪੈਰ ਜ਼ਰਾ ਖੁੰਝ ਗਏ ਤੇ ਗੁਆਂਢੀ ਜੁਲਾਹੇ ਦੇ ਵਿਹੜੇ ਵਿਚ ਜਾ ਪਏ। ਕਿੱਲੇ ਨਾਲ ਪੈਰ ਵੱਜਾ ਤੇ ਦੂਜੇ ਪਲ ਸ੍ਰੀ ਅਮਰਦਾਸ ਜੀ ਜੁਲਾਹੇ ਦੀ ਖੱਡੀ ਵਿਚ ਗੋਡਿਆਂ ਭਾਰ ਡਿੱਗੇ, ਪਰ ਗਾਗਰ ਨੂੰ ਸਿਰ ਤੇ ਫੇਰ ਵੀ ਸੰਭਾਲੀ ਰੱਖਿਆ।

ਜੁਲਾਹੇ ਨੇ ਆਵਾਜ਼ ਦਿਤੀ, "ਕੌਣ ਐਂ, ਬਾਹਰ ਅਧੀ ਰਾਤੀਂ ?"

ਜੁਲਾਹੀ ਜੁੱਲੀ ਵਿਚੋਂ ਮੂੰਹ ਕੱਢ ਕੇ ਬੋਲੀ, 'ਹੋਣਾ ਉਹੋ ਅਮਰੂ ਨਥਾਵਾਂ ਜਿਸ ਨੂੰ ਨਾ ਦਿਨੇ ਚੈਨ, ਨਾ ਰਾਤੀਂ ਅਰਾਮ।"

ਖੱਡੀ ਵਿਚੋਂ ਉੱਠਦਿਆਂ ਸਹਿਜ ਸੁਭਾ ਬਚਨ ਹੋਇਆ, "ਕਮਲੀਏ, ਮੈਂ ਨਥਾਵਾਂ ਕਿਦਾਂ ? ਮੈਨੂੰ ਤਾਂ ਗੁਰੂ ਦੇ ਚਰਨਾਂ ਵਿਚ ਥਾਂ ਮਿਲ ਚੁਕੀ ਹੈ।"

ਸ੍ਰੀ ਅਮਰਦਾਸ ਜੀ ਨੇ ਸਮੇਂ ਸਿਰ ਦਰਿਆ ਦੇ ਸੀਤਲ ਜਲ ਨਾਲ ਗੁਰੂ ਜੀ ਨੂੰ ਇਸ਼ਨਾਨ ਕਰਇਆ। ਇਸ਼ਨਾਨ ਕਰ ਚੁਕਣ ਮਗਰੋਂ ਬਚਨ ਕੀਤਾ, "ਅਮਰਦਾਸ ਜੀ, ਅਜ ਇਸ਼ਨਾਨ ਦਾ ਬਹੁਤ ਅਨੰਦ ਆਇਆ ਹੈ। ਅੱਜ ਤੁਹਾਨੂੰ ਕੀ ਦੇਵੀਏ ?"

"ਮਹਾਰਾਜ, ਮੈਨੂੰ ਆਪ ਦੇ ਚਰਨਾਂ ਵਿਚ ਅਸਥਾਨ ਮਿਲਿਆ ਹੋਇਆ ਹੈ। ਮੈਨੂੰ ਹੋਰ ਕੋਈ ਚਾਹ ਨਹੀਂ। ਮੈਨੂੰ ਆਪਣੇ ਸਿੱਖਾਂ ਦੀ ਸੇਵਾ ਤੇ ਹਰਿ-ਭਗਤੀ ਵਿਚ ਲਾਈ ਰੱਖੋ।"

ਗੁਰੂ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ। ਜਦ ਅੰਮ੍ਰਿਤ ਵੇਲੇ ਸੰਗਤ ਜੁੜ ਬੈਠੀ ਤਾਂ ਕਿਸੇ ਨੇ ਆ ਕੇ ਗੁਰੂ ਜੀ ਨੂੰ ਸੂਚਨਾ ਦਿਤੀ ਕਿ ਗਵਾਂਢਣ ਜੁਲਾਹੇ ਦੀ ਪਤਨੀ ਪਾਗਲ ਹੋ ਗਈ ਹੈ। ਡਰ ਕੇ ਚੀਕਾਂ ਮਾਰੀ ਜਾਂਦੀ ਹੈ ਤੇ ਬੇਅਰਥ ਗੱਲਾਂ ਕਰਦੀ ਹੈ। ਸਤਿਗੁਰੂ ਮਿਹਰ ਭਰੀ ਮੁਸਕਾਨ ਨਾਲ ਬੋਲੇ, "ਜੁਲਾਹੇ ਤੇ ਜੁਲਾਹੀ ਨੂੰ ਸੰਗਤ ਵਿਚ ਲੈ ਆਵੋ।"

ਸੰਗਤ ਵਿਚ ਆਉਂਦਿਆਂ ਹੀ ਜੁਲਾਹੀ ਨੇ ਵਾਹ-ਦੁਆਉ ਬੋਲਣਾ ਬੰਦ ਕਰ ਦਿਤਾ। ਗੁਰੂ ਜੀ ਨੇ ਪੁੱਛਿਆ, "ਭਾਈ ਬੰਨਿਆ, ਕੀ ਗੱਲ ਹੋਈ ?"

"ਸਤਿਗੁਰੂ ਜੀ, ਤੁਹਾਡਾ ਸੰਬੰਧੀ ਬਾਬਾ ਅਮਰ ਰਾਤੀਂ ਸਾਡੇ ਕਿਲੇ ਨਾਲ ਅੜ ਕੇ ਡਿੱਗ ਪਿਆ ਸੀ ਤੇ ਖੜਾਕ ਹੋਇਆ ਸੀ। ਮੈਂ ਪੁਛਿਆ, 'ਕੌਣ ਐਂ, ਐਸ ਵੇਲੇ ਅੱਧੀ ਰਾਤੀਂ, ਜਿਹੜਾ ਚੈਨ ਨਾਲ ਸੌਣ ਵੀ ਨਹੀਂ ਦਿੰਦਾ ?' ਤਾਂ ਮੇਰੀ ਘਰ ਵਾਲੀ ਨੇ ਕਿਹਾ, 'ਹੋਣਾ ਉਹੋ ਅਮਰੂ ਨਥਾਵਾਂ ਜਿਸ ਨੂੰ ਨਾ ਦਿਨੇ ਚੈਨ ਨਾ ਰਾਤੀਂ ਚੈਨ।' ਬਸ ਉਸੇ ਪਲ ਇਹ ਵਾਹ ਦੁਆਹ ਬੋਲਣ ਲੱਗ ਪਈ ਤੇ ਚੀਕਾਂ ਮਾਰਨ ਲੱਗ ਪਈ। ਇਹ ਹੁਣ ਤੁਹਾਡੇ ਹਜ਼ੂਰ ਚੁੱਪ ਕੀਤੀ ਹੈ।"

ਜੁਲਾਹੀ ਭੱਜ ਕੇ ਗੁਰ-ਚਰਨਾਂ ਵਿਚ ਲੇਟ ਗਈ। ਮੈਨੂੰ ਮਾਫ਼ ਕਰੋ, ਗੁਰੂ ਜੀ ਮੇਰੇ ਕੋਲੋਂ ਭੁਲ ਹੋ ਗਈ।

ਗੁਰੂ ਜੀ ਗਦ ਗਦ ਹੋ ਉੱਠੇ। ਪ੍ਰੇਮ ਨਾਲ ਅੱਖਾਂ ਲਿਸ਼ਕ ਪਈਆਂ। ਪ੍ਰੇਮ-ਪ੍ਰਵਾਹ ਵਿਚ ਸ਼ਬਦ ਨਿਕਲੇ, "ਅਮਰਦਾਸ ਨਿਥਾਵਿਆਂ ਦਾ ਥਾਨ! ਅਮਰਦਾਸ ਨਿਮਾਣਿਆਂ ਦਾ ਮਾਣ! ਅਮਰਦਾਸ ਨਿਤਾਣਿਆਂ ਦਾ ਤਾਣ! ਅਮਰਦਾਸ ਨਿਪੱਤਿਆਂ ਦੀ ਪੱਤ! ਅਮਰਦਾਸ ਨਿਗੱਤਿਆਂ ਦੀ ਗੱਤ! ਅਮਰਦਾਸ ਨਿਓਟਿਆਂ ਦੀ ਓਟ! ਅਮਰਦਾਸ ਨਿਆਸਰਿਆਂ ਦਾ ਆਸਰਾ। ਅਸਮਰਦਾਸ ਨਿਧਿਰਿਆਂ ਦੀ ਧਿਰ! ਅਮਰਦਾਸ ਨਿਰਧਨਾਂ ਦਾ ਧਨ! ਅਮਰਦਾਸ ਪੀਰਾਂ ਦਾ ਪੀਰ, ਅਮਰਦਾਸ ਗਈ ਬਹੋੜ, ਅੰਮਰਦਾਸ ਬੰਦੀ ਛੋੜ।"

ਅਤੇ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ। ਅਮਰਦਾਸ ਜੀ ਦਾ ਚਿਹਰਾ ਦਗ ਦਗ ਕਰਨ ਲਗ ਪਿਆ। ਗੁਰੂ ਜੀ ਉਨ੍ਹਾਂ ਦੀ ਪਿਠ ਪਲੋਸਣ ਲੱਗੇ, ਪਰ ਸ੍ਰੀ ਅਮਰਦਾਸ ਜੀ ਉਹਨਾਂ ਦੀ ਚਰਨੀਂ ਢਹਿ ਪਏ। ਇਹੋ ਕਹੀ ਜਾਣ, "ਗੁਰੂ ਨਾਨਕ ਗਰੀਬ ਨਿਵਾਜ਼! ਗੁਰੂ ਅੰਗਦ ਗਰੀਬ ਨਿਵਾਜ਼!"



www.AKJ.Org

# ਸੁਚਿ ਹੋਵੈ ਤਾ ਸਚੁ ਪਾਈਐ

[ਵਲੋਂ—ਭਾਈ ਬਲਦੇਵ ਸਿੰਘ ਜੀ, ਬੀ. ਏ; ਐਲ. ਐਲ. ਬੀ. ਅੰਮ੍ਰਿਤਸਰ]

ਕੁਝ ਦਿਨ ਹੋਏ, ਦਾਸ ਦੇ ਮਨ ਵਿਚ ਫੁਰਨਾ ਉਠਿਆ ਕਿ ਚਲੋ ਬਾਹਰੋਂ ਨਵੀਂ ਬਹਾਰ ਦੇ ਅਮਰੂਦ ਲਿਆਈਏ ਅਤੇ ਇਥੋਂ ਨਲਕੇ ਤੋਂ ਧੋ ਕੇ ਛਕੀਏ। ਇਸ ਫੁਰਨੇ ਨਾਲ ਦਾਸ ਆਪਣੀ ਚਾਕਰੀ ਵਾਲੀ ਕੁਰਸੀ ਤੋਂ ਉਠਿਆ ਅਤੇ ਬਾਹਰ ਨੂੰ ਤੁਰ ਪਿਆ। ਥੋੜੀ ਦੂਰ ਹੀ ਗਿਆ ਹੋਵਾਂਗਾ ਕਿ ਸਾਹਮਣੇ ਅਮਰੂਦਾਂ ਵਾਲੀ ਰੇੜ੍ਹੀ ਵੀ ਆ ਗਈ। ਅਮਰੂਦ ਲੈ ਹੀ ਰਿਹਾ ਸਾਂ ਕਿ ਕੁਦਰਤੀ ਦਾਸ ਦੀ ਨਿਗਾਹ ਲਾਗਲੀ ਹਲਵਾਈ ਦੀ ਦੁਕਾਨ ਤੇ ਪਈ। ਹਲਵਾਈ ਦਾ ਇਕ ਭਈਆ ਨੌਕਰ ਮੈਲੇ ਕੁਚੈਲੇ ਕਪੜਿਆਂ ਵਿਚ ਉਥੇ ਚਾਹ ਬਣਾ ਰਿਹਾ ਸੀ ਅਤੇ ਗਾਹਕਾਂ ਨੂੰ ਦੇ ਰਿਹਾ ਸੀ। ਦੁਕਾਨ ਦੇ ਬਾਹਰਵਾਰ ਇਕ ਟੂਟੀ ਪਾਣੀ ਦੀ ਅਤੇ ਹੇਠਾਂ ਟੱਬ ਪਿਆ ਹੋਇਆ ਸੀ। ਮੈਂ ਕੀ ਦੇਖਦਾ ਹਾਂ ਕਿ ਟੱਬ ਵਿਚ ਚਾਹ ਪੱਤੀ ਦੇ ਪੱਤੇ ਉਪਰ ਤਰਦੇ ਦਿਖਾਈ ਦੇ ਰਹੇ ਹਨ। ਕੁਝ ਹਲਦੀ ਰੰਗੀ ਧਿੰਦਿਆਈ ਵੀ ਨਜ਼ਰ ਆ ਰਹੀ ਹੈ। ਪਾਣੀ ਕਾਫੀ ਮੈਲਾ ਕੁਚੈਲਾ ਹੈ। ਸਾਡੇ ਹੀ ਦਫਤਰ ਦਾ ਇਕ ਕਰਮਚਾਰੀ ਨੇੜੇ ਦੇ ਖੇਤ ਵਿਚ ਮੈਦਾਨ ਮਾਰ ਕੇ ਆਇਆ ਅਤੇ ਉਸੇ ਹੀ ਟੂਟੀ ਤੋਂ ਸਾਬਣ ਨਾਲ ਹੱਥ ਸੁਚੇ ਕਰ ਰਿਹਾ ਹੈ। ਪਾਣੀ ਸਾਰਾ ਟੱਬ ਵਿਚ ਹੀ ਪੈ ਰਿਹਾ ਹੈ। ਨੇੜੇ ਖੜੇ ਹੀ ਇਕ ਬਜ਼ੁਰਗ ਨੇ ਬੜੀ ਕੋਸ਼ਿਸ਼ ਨਾਲ ਆਪਣਾ ਨੱਕ ਛਿਣਕਿਆ ਅਤੇ ਉਸੇ ਹੀ ਟੂਟੀ ਤੋਂ ਹਥ ਸੁਚੇ ਕੀਤੇ। ਪਾਣੀ ਫਿਰ ਉਸੇ ਟੱਬ ਵਿਚ ਹੀ ਪਿਆ। ਇਕ ਗਾਹਕ ਪਤਾ ਨਹੀਂ ਅੰਦਰੋਂ ਕੀ ਖਾ ਕੇ ਨਿਕਲਿਆ, ਆਣ ਕੇ ਉਸੇ ਹੀ ਟੂਟੀ ਤੋਂ ਚੁਲੀ ਕੀਤੀ ਅਤੇ ਮੂੰਹ ਦਾ ਜੁਠਾਲਾ ਪਾਣੀ ਉਸੇ ਹੀ ਟੱਬ ਵਿਚ ਪਿਆ। ਇਕ ਭੱਦਰ-ਪੁਰਸ਼ ਹੁਣੇ ਹੁਣੇ ਸਿਗਰਟ ਪੀ ਰਿਹਾ ਸੀ, ਉਸ ਨੇ ਵੀ ਆਪਣੇ ਹਥ ਉਥੋਂ ਧੋਤੇ ਅਤੇ ਦੁਕਾਨ ਵਿਚ ਕੁਰਸੀ ਤੇ ਜਾ ਡੱਟਿਆ।

ਐਨ ਉਸੇ ਵਕਤ ਦੁਕਾਨ ਦਾ ਨੌਕਰ ਆਪਣੇ ਰੁਟੀਨ ਅਨੁਸਾਰ ਭਾਂਡੇ ਚੁਕ ਕੇ ਲਿਆਇਆ। ਉਸ ਨੇ ਆਉਂਦੇ ਸਾਰ ਹੀ ਉਸੇ ਟੱਬ ਵਿਚ ਕੱਪਾਂ ਦੀ ਜੂਠ ਧੋਤੀ ਅਤੇ ਇਕ ਸਕਿੰਟ ਵਿਚ ਹੀ ਕੱਪ ਵਾਪਸ ਲੈ ਕੇ ਚਲਾ ਗਿਆ। ਉਵੇਂ ਹੀ ਚਾਹ ਪਾਈ ਅਤੇ ਕੱਪਾਂ ਨੂੰ ਪਲੇਟਾਂ ਵਿਚ ਟਿਕਾ ਕੇ ਫਿਰ ਅੰਦਰ ਲੈ ਤੁਰਿਆ। ਗਾਹਕਾਂ ਦੀਆਂ ਖੁਸ਼ਕ ਆਂਦਰਾਂ ਵਿਚ ਜਾਨ ਪਈ ਅਤੇ ਉਹ ਗੰਦੇ ਪਾਣੀ ਵਿਚ ਹੰਗਾਲੀਆਂ ਪਿਆਲੀਆਂ ਦੀਆਂ ਚੁਸਕੀਆਂ ਬੜੇ ਸ਼ਹਿਨਸ਼ਾਹੀ ਠਾਠ ਨਾਲ ਲੈ ਰਹੇ ਸਨ। ਮਿੰਟਾਂ ਵਿਚ ਹੀ ਕੱਪ ਖ਼ਾਲੀ ਹੋ ਗਏ। ਅਤੇ ਸਾਰੇ ਗਾਹਕ ਬਾਹਰ ਆਏ। ਹਿਰਦਾ ਬਹੁਤ ਦੁਖੀ ਹੋਇਆ ਜਦੋਂ ਦਾਸ ਨੇ ਉਹਨਾਂ ਗਾਹਕਾਂ ਵਿਚ ਇਕ ਗੁਰਮੁਖੀ ਰੂਪ ਵਾਲਾ ਇਕ ਸਿੰਘ ਵੀ ਵੇਖਿਆ। ਖੁਲ੍ਹੇ ਪ੍ਰਕਾਸ਼ਮਾਨ ਦਾੜ੍ਹੇ ਨਾਲ ਸੱਜਿਆ ਹੋਇਆ ਦਰਸ਼ਨੀ ਸਿੰਘ ਜਾਪਦਾ ਸੀ। ਸੋਚਿਆ ਕਿ ਸਿੰਘ ਜੀ ਪਾਸ ਜੋਦੜੀ ਕੀਤੀ ਜਾਏ ਕਿ ਇਨ੍ਹਾਂ ਜੂਠੀਆਂ ਤੇ ਚਗਲ ਪਿਆਲੀਆਂ ਦੀਆਂ ਚੁਸਕੀਆਂ ਦੀ ਆਦਤ ਨੂੰ ਫੌਰਨ ਤਿਆਗ ਦੇਣ। ਫਿਰ ਵਿਚਾਰ ਆਇਆ ਕਿ ਕਿਤੇ ਐਵੇਂ ਸਿੰਘ ਸਾਹਿਬ ਗਲ ਹੀ ਨਾ ਪੈ ਜਾਣ। 'ਇਕ ਚੁਪ ਤੇ ਸੌ ਸੁਖ' ਵਾਲੀ ਗੱਲ ਹੀ ਜਚੀ ਅਤੇ ਮਸਤ ਹੀ ਰਿਹਾ।

ਇੰਨੇ ਨੂੰ ਦੇਖਿਆ ਕਿ ਉਹੋ ਹੀ ਨੌਕਰ ਕੁਝ ਸਬਜ਼ੀਆਂ ਦੀਆਂ ਜੂਠੀਆਂ ਪਲੇਟਾਂ ਵੀ ਉਸੇ ਹੀ ਟੱਬ ਵਿਚੋਂ ਸੁਚੀਆਂ ਕਰ ਰਿਹਾ ਸੀ। ਉਹੋ ਹੀ ਟੱਬ ਅਤੇ ਉਹੋ ਹੀ ਨੌਕਰ। ਮਨ ਵਿਚ ਵਿਚਾਰ ਆਈ ਕਿ ਕਈ ਅੰਮ੍ਰਿਤਧਾਰੀ ਸਿੰਘ ਪੰਜ ਕਕਾਰੀ ਰਹਿਤ ਵਿਚ ਸਜੀਲੇ ਅਤੇ ਸਮਾਗਮਾਂ ਵਿਚ ਵੱਧ



www.AKJ.Org

ਤੋਂ ਵੱਧ ਅਗੇ ਹੋਣ ਵਾਲੇ ਸਜਣ ਵੀ ਹੋਟਲਾਂ ਦੀਆਂ ਕੱਪ ਪਲੇਟਾਂ ਨੂੰ ਚੱਟਣ ਦੇ ਆਮ ਸ਼ੌਕੀਨ ਹਨ। ਉਹ ਰੋਗ ਰਹਿਤ ਹੋਣ ਦੀ ਬਜਾਏ ਦਿਨ ਬਦਿਨ ਰੋਗ ਗ੍ਰਹਸਥ ਹੋ ਰਹੇ ਹਨ। ਹੁਣ ਵੀ ਕਿਉਂ ਨਾ– "ਮਨ ਹਰਾਮੀ ਹੁਜਤਾਂ ਢੇਰ"। ਇਸ ਭਿਅੰਕਰ ਰੋਗ ਦੇ ਸ਼ਿਕਾਰੀ ਮਾੜੇ ਮੋਟੇ ਸੇਵਕ ਦੀ ਤਾਂ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਹੋਣਗੇ। ਜੇ ਕੋਈ ਭੁਲ ਭੁਲੇਖੇ ਕਹਿ ਦੇਵੇ ਤਾਂ ਕਹਿ ਦੇਣਗੇ, "ਐਵੇਂ ਝਖ ਮਾਰਦਾ ਹੈ। ਵੇਖਿਆ ਹੈ ਵੱਡਾ ਸਰਬ-ਲੋਹੀਆ, ਵੱਡਾ ਬਿਬੇਕੀ। ਅਸਲੀ ਬਿਬੇਕ ਤਾਂ ਨਾਮ ਹੀ ਜੱਪਣਾ ਹੈ।" ਮੰਨਿਆ ਕਿ ਤੱਤ ਗੁਰਮਤਿ ਅਨੁਸਾਰ ਨਾਮ ਜੱਪਣਾ ਹੀ ਅਸਲੀ ਬਿਬੇਕ ਹੈ। ਪਰ ਕੀ ਉਹ ਸਜਣ ਦਸ ਸਕਦੇ ਹਨ ਕਿ ਹੋਟਲਾਂ, ਦੁਕਾਨਾਂ ਤੇ ਰੇੜ੍ਹੀਆਂ ਦੀਆਂ ਜੂਠੀਆਂ ਪਿਆਲੀਆਂ ਨੂੰ ਪਵਿਤਰ ਕਰਨ ਵਾਲੇ, ਜਿਨ੍ਹਾਂ ਪਦਾਰਥਾਂ ਵਿਚ ਤਮਾਕੂ ਦੀ ਬਦਬੂ, ਜੂਠ ਦੀ ਭਰਮਾਰ, ਸੀਂਢ ਦੀ ਸੜਿਆਂਦ ਅਤੇ ਟੱਟੀ ਦਾ ਮੈਲापਨ ਹੈ ਉਹ ਇਹੋ ਜਿਹਾ ਖਾਣ ਪੀਣ ਕਰ ਕੇ ਕਿੰਨੇ ਕੁ ਰੰਗਾਂ ਵਿਚ ਨਾਮ ਜਪਦੇ ਹਨ? ਪਿਆਰੇ ਵੀਰੋ! ਰਤਾ ਆਪਣੇ ਅੰਦਰਲੇ ਤੋਂ ਪੁਛੋ ਕਿ ਸਚਮੁਚ ਤੁਹਾਡੀ ਨਾਮ ਦੀ ਚੜ੍ਹਦੀ ਕਲਾ ਕਾਇਮ ਦਾਇਮ ਹੈ? ਤੇ ਕੋਈ ਫਰਕ ਨਹੀਂ ਪਿਆ? ਬਾਣੀ ਤਾਂ ਕਹਿੰਦੀ ਹੈ–

ਸੁਚਿ ਹੋਵੈ ਤਾ ਸਚੁ ਪਾਈਐ ॥ (੪੭੨)

ਜਿਹੜਾ ਮਨ ਜੂਠ-ਝੂਠ ਤੇ ਬਜ਼ਾਰੀ ਬਣੇ ਚਗਲ ਖਾਣਿਆਂ ਦੇ ਕੁਚਸਕਿਆਂ ਵਿਚ ਫਸਿਆ ਹੋਇਆ ਹੈ, ਉਥੇ ਨਾਮ ਤੇ ਚੜ੍ਹਦੀ ਕਲਾ ਕਿਥੇ? ਕਦਾਚਿਤ ਨਹੀਂ ਹੋ ਸਕਦੀ।

ਗੁਰਮਤਿ ਰਹਿਤ ਰਹਿਣੀ ਤੇ ਤਾਂ ਵਿਕਣਾ ਪੈਂਦਾ ਹੈ। ਕੀ ਜੂਠ, ਤਮਾਕੂ ਆਦਿ ਅੰਮ੍ਰਿਤਧਾਰੀ ਸਿੰਘ ਵਾਸਤੇ ਵਿਵਰਜਿਤ ਨਹੀਂ? ਜੇ ਇਹ ਵਿਵਰਜਿਤ ਹਨ ਤਾਂ ਜਿਹੜੇ ਵੀਰ ਬਜ਼ਾਰੀ ਦੁਕਾਨਾਂ ਹੋਟਲਾਂ ਦੀਆਂ ਬਣੀਆਂ ਮਠਿਆਈਆਂ, ਭਠੂਰੇ ਛੋਲੇ, ਡੱਬਲ-ਰੋਟੀਆਂ ਅਤੇ ਚਾਹ ਆਦਿ ਅਨੇਕਾਂ ਬਜ਼ਾਰੀ ਬਣੇ ਪਦਾਰਥ ਵਰਤਦੇ ਹਨ, ਕੀ ਉਹ ਆਪਣੇ ਮਨ ਦੇ ਗੁਲਾਮ ਨਹੀਂ ਹਨ? ਕੀ ਉਹ ਗੁਰਮਤਿ ਰਹਿਤ ਰਹਿਣੀ ਵਿਚ ਪੂਰੇ ਹਨ? ਕੀ ਪੰਜਾਂ ਪਿਆਰਿਆਂ ਨੇ ਉਹਨਾਂ ਨੂੰ ਸਾਰੀ ਦੁਨੀਆ ਦੀ ਜੂਠ ਖਾਣ ਵਾਸਤੇ ਕਿਹਾ ਹੋਇਆ ਹੈ? ਕੀ ਉਹ ਗੁਰੂ ਦੇ ਹੁਕਮਾਂ ਤੋਂ ਮੁਨਕਰ ਨਹੀਂ ਹਨ? ਉਪ੍ਰੋਕਤ ਪ੍ਰਸ਼ਨਾਂ ਦਾ ਉਹਨਾਂ ਪਾਸ ਕੀ ਜਵਾਬ ਹੈ, ਕੁਝ ਵੀ ਨਹੀਂ। ਆਪ ਖੁਲ੍ਹਾ ਖਾਣ ਵਾਲੇ ਵੀਰ ਆਪਣੇ ਆਪ ਨਾਲ ਬੜਾ ਵਡਾ ਧੋਖਾ ਕਰ ਰਹੇ ਹਨ। ਡਾਕਟਰੀ ਤੌਰ ਤੇ ਵੀ ਉਹ ਛੂਤ ਦੀਆਂ ਬੀਮਾਰੀਆਂ ਪਲਿਓਂ ਪੈਸੇ ਦੇ ਕੇ ਖਰੀਦ ਰਹੇ ਹਨ।

ਵੀਰੋ! ਹੋਸ਼ ਕਰੋ, ਸੰਭਲੋ ਇਸ ਸਮੇਂ ਨੂੰ। ਇਹ ਸਮਾਂ ਜੋ ਅਜ ਹੈ, ਉਹ ਕਲ੍ਹ ਨਹੀਂ ਆਵੇਗਾ। ਜ਼ਬਾਨ ਦੀ ਚਸਕੇਬਾਜ਼ੀ ਵਿਚ ਖਚਤ ਹੋਣ ਤੋਂ ਉਪਰ ਉਠਣ ਦੀ ਲੋੜ ਹੈ। ਰਸਨਾ ਛਾਂ ਮਿਠੇ ਪਦਾਰਥਾਂ ਵਿਚ ਖਚਤ ਹੈ, ਅੱਖਾਂ ਨੀਂਦ ਦਾ ਅਨੰਦ ਮਾਣ ਰਹੀਆਂ ਹਨ, ਵਿਕਾਰਾਂ ਵਿਚ ਰੁਝੀਆਂ ਪਈਆਂ ਹਨ ਅਤੇ ਮਨ ਆਪਣੀਆਂ ਮਨ-ਮਾਨੀਆਂ ਵਿਚ ਖਚਤ ਹੋਇਆ ਪਿਆ ਹੈ। ਰਸਾਂ-ਕਸਾਂ ਵਿਚ ਲਥ-ਪਥ ਇੰਦਰਿਆਂ ਨੂੰ ਬਿਬੇਕ ਨਾਲ ਸਮਝਾਉਣ ਦੀ ਲੋੜ ਹੈ। ਗੁਰ-ਹੁਕਮਾਂ ਦੀ ਪਾਲਣਾ ਕਰਨਾ ਹੀ ਗੁਰਮਤਿ ਹੈ।

ਜੋਦੜੀ ਹੈ–ਦੋਇ ਕਰਿ ਜੋੜ ਕੇ, ਉਹਨਾਂ ਸਜਣਾਂ ਪਾਸ––ਜਿਹੜੇ ਅੰਮ੍ਰਿਤਧਾਰੀ ਹਨ ਅਤੇ ਬਜ਼ਾਰਾਂ ਵਿਚ ਪਲੇਟਾਂ ਚੱਟਦੇ ਫਿਰਦੇ ਹਨ। ਇਨ੍ਹਾਂ ਚਾਹਾਂ, ਕੁਲਚਿਆਂ ਤੇ ਖਟੇ ਮਿਠੇ ਬਜ਼ਾਰੀ ਪਦਾਰਥਾਂ ਨੂੰ ਛਕਣ ਵਾਲੇ ਛਕਣ ਤੋਂ ਤੌਬਾ ਕਰ ਲੈਣ। ਜੇ ਨਹੀਂ ਕਰਦੇ ਤਾਂ ਉਹ ਸਮਝ ਲੈਣ ਕਿ ਉਹ ਗੁਰ-ਹੁਕਮਾਂ ਤੋਂ ਮੁਨਕਰ ਹਨ। ਹੁਕਮ ਹੈ–

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ
ਸਦਾ ਵਸੈ ਸੈਤਾਨੁ ॥ (੭੯੦)

ਇਹ ਵੀ ਪਤਾ ਲਗਾ ਹੈ ਕਿ ਕੁਝ ਬੀਬੀਆਂ ਗੁਰੂ ਕੀ ਰਹਿਤ "ਕੇਸਕੀ" ਵੀ ਧਾਰਨ ਕਰਦੀਆਂ



www.AKJ.Org

ਹਨ ਅਤੇ ਮਨਮਤਿ ਦਾ ਵਿਖਾਲਾ ਸਾੜ੍ਹੀਆਂ ਵੀ ਬੰਨ੍ਹਦੀਆਂ ਹਨ। ਸਰੀਰ ਦਾ ਨੰਗੇਜ ਨਾ ਢਕਣ ਵਾਲੇ ਅਤੇ ਭੜਕੀਲੀ ਚਮਕ ਦਮਕ ਵਾਲੇ ਬਸਤਰ ਪਹਿਰਨਾ ਗੁਰਮੁਖੀ ਰਹਿਤ ਬਹਿਤ ਦਾ ਮਖੌਲ ਉਡਾਣਾ ਹੈ। ਇਹੋ ਜਹੇ ਬਾਣੇ ਪਾ ਕੇ, ਓਹੋ ਜਹੀਆਂ ਹੀ ਪਾਰਟੀਆਂ ਵਿਚ ਵਿਚਰਨ ਨਾਲ ਮਨ ਵਿਚ ਚੰਚਲਤਾ ਅਤੇ ਭੜਕਾਹਟ ਹੀ ਉਪਜਣੀ ਹੈ। ਉਥੇ ਸ਼ਾਂਤੀ ਅਤੇ ਗੁਰਸਿਖੀ ਕਿਥੇ ਆ ਸਕਦੀ ਹੈ? ਗੁਰਬਾਣੀ ਤਾਂ ਸਪੱਸ਼ਟ ਹੁਕਮ ਦੇ ਰਹੀ ਹੈ—

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥

[ਸਿਰੀਰਾਗੁ ਮ: ੧, ਪੰਨਾ ੧੬

ਜਿਹੜੀਆਂ ਸਿਘਣੀਆਂ ਅੰਮ੍ਰਿਤਧਾਰੀ ਹੋ ਕੇ ਵੀ ਸਾੜ੍ਹੀਆਂ ਵਿਚ ਕਠ-ਪੁਤਲੀਆਂ ਨਜ਼ਰ ਆਉਂਦੀਆਂ ਹਨ, ਉਹ ਗੁਰੂ ਸਾਹਿਬ ਦੇ ਸਾਦਗੀ ਭਰੇ ਹੁਕਮ ਤੋਂ ਮੁਨਕਰ ਹਨ।

ਸੋ ਵੀਰ ਜੀਉ ਤੇ ਭੈਣ ਜੀਉ, ਸਾਨੂੰ ਉਸ ਖਾਣ ਤੋਂ ਅਤੇ ਪਹਿਨਣ ਤੋਂ ਤੋਬਾ ਕਰਨੀ ਚਾਹੀਦੀ ਹੈ ਜੋ ਗੁਰਮਤਿ ਸੁਮਾਰਗ ਵਿਚ ਵਿਵਰਜਿਤ ਹਨ। ਸਾਨੂੰ ਬੜਾ ਹੀ ਸਾਦਗੀ ਭਰਪੂਰ ਬਿਬੇਕ ਵਾਲਾ ਜੀਵਨ ਜੀਉਣਾ ਲੋੜੀਦਾ ਹੈ। ਇਸੇ ਵਿਚ ਹੀ ਸਾਡਾ ਭਲਾ ਹੈ।

## "ਸਿੱਖੀ"

[ਵਲੋਂ—ਸ: ਰਾਜਿੰਦਰ ਸਿੰਘ 'ਰਾਜ' ਮੋਸ਼ੀ, ਅਫਰੀਕਾ]

'ਸਿੱਖੀ' ਸਿੱਖੀ ਜਾਂਦੀ ਏ,
ਇਹ ਧਾਰੀ ਜਾਂਦੀ ਏ,
ਇਹਨੂੰ ਸਿੱਖਦਿਆਂ ਸਿਖਦਿਆਂ ਈਂ,
ਆਪੂ ਮੁੱਕ ਜਾਂਦੀ ਏ।
ਇਹ ਹਰ ਪਾਸੇ ਵਸਦੀ ਏ,
ਹਰ ਸ਼ਹਿਰ 'ਚ ਵਸਦੀ ਏ,
ਦੁਨੀਆਂ ਦੇ ਕੋਨੇ ਕੋਨੇ,
ਹਰ ਥਾਂ ਤੇ ਵੱਸਦੀ ਏ।
ਇਹ ਜੰਗਲ ਲੱਖੀ ਦੇ,
ਤੇ ਦਰੱਰੇ ਖ਼ੈਬਰ ਵਿਚ,
ਘੋੜੇ ਦੀ ਕਾਠੀ ਤੇ,
ਜਮਰੌਦ ਦੇ ਕਿਲ੍ਹਿਆਂ ਵਿੱਚ,
ਇਹ ਧਰਤ ਅਨੰਦਪੁਰ ਦੀ,
ਗੜ੍ਹੀ-ਚਮਕੌਰ ਦੇ ਵਿੱਚ,
ਸਰਸਾ ਦੀਆਂ ਛੱਲਾਂ ਤੇ,
'ਬੰਦੇ' ਦੀਆਂ ਬਾਹਵਾਂ ਵਿੱਚ,
ਤੇ 'ਦੀਪ' ਦੀ ਤਲੀ ਉਤੇ,
'ਨਲੂਏ' ਦੇ ਜਿਗਰੇ ਵਿੱਚ,
'ਅਟਾਰੀ' ਦੀ ਤੇਗ ਉਤੇ,
ਅਤੇ 'ਸ਼ੇਰ' ਦੀ ਅੱਖ ਦੇ ਵਿੱਚ,
'ਰਣਜੀਤ ਨਗਾਰੇ' ਤੇ,
ਇਹ ਦੰਦੇ ਆਰੇ ਦੇ,
ਤੇ ਧਾਰਾਂ ਰੰਬੀ ਦੀਆਂ,
ਨੇਜੇ ਦੀਆਂ ਨੋਕਾਂ ਤੇ,
ਚਰਖੀ ਦੀਆਂ ਤਾਰਾਂ ਤੇ,
ਗੱਡੀ ਦੀਆਂ ਲਾਇਨਾਂ ਤੇ,
ਤੇ ਵਿੱਚ ਨਨਕਾਣੇ ਦੇ,
ਗੰਗਸਰ ਦੀਆਂ ਲਹਿਰਾਂ ਵਿਚ,
ਤੇ ਬਾਗ - ਗੁਰੂ - ਕੇ ਵਿਚ,
ਅੰਮ੍ਰਿਤਸਰ ਦੀ ਧਰਤੀ ਤੇ,
ਸਿੱਖੀ ਦੇ ਪੰਨਿਆਂ ਤੇ,
ਅਣਹੋਏ ਥਾਵਾਂ ਤੇ,
ਜਿੱਥੇ ਵੀ ਕਹਿ ਦੇਈਏ,
ਇਹ ਉੱਥੇ ਵੱਸਦੀ ਏ,
ਅਬਚਲ-ਨਗਰ ਦੇ ਵਿਚ,
ਅਕਾਲ ਦੇ ਤਖ਼ਤ ਉਤੇ,
ਹਰੀ ਦੇ ਮੰਦਰ ਵਿੱਚ,
ਕੋਈ ਜਾ ਕੇ ਦੇਖ ਲਓ,
ਇਹ ਅੱਜ ਵੀ ਵਸਦੀ ਏ,
'ਰਾਜ' ਹੁਣ ਵੀ ਵਸਦੀ ਏ।



www.AKJ.Org

# ਬਾਊ ਮਲ ਸਿੰਘ ਜੀ ਦਾ ਪਰਉਪਕਾਰ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ. ਦਿਲੀ ੩੧]

ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ ਦੇ ਵਿਛੋੜੇ ਨਾਲ ਖਾਲਸਾ ਪੰਥ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਆਪ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਿਗਰੀ ਪਿਆਰ ਵਾਲੇ ਸੰਗੀ-ਸਾਥੀ ਸਨ। ਉਨ੍ਹਾਂ ਦੇ ਨਾਲ ਰਹਿ ਕੇ ਆਪ ਨੇ ਨਾਮ-ਰੰਗਾਂ ਦੇ ਅਨੇਕਾਂ ਚਲੂਲੇ ਰੰਗ ਮਾਣੇ ਅਤੇ ਉਨ੍ਹਾਂ ਤੋਂ ਬਾਅਦ ਵੀ ਨਾਮ-ਰਸ ਦੇ ਉੱਚੇ ਗਗਨ-ਮੰਡਲਾਂ ਵਿਚ ਵਿਚਰਦੇ ਰਹੇ। ਆਪ ਜੀ ਨੇ ਜੀਵਨ ਭਰ ਸਿੱਖੀ ਕਮਾਈ ਅਤੇ ਸਿੱਖੀ ਦੀ ਹੀ ਸੇਵਾ ਕੀਤੀ। ਪੰਜਾਂ ਪਿਆ-ਰਿਆਂ ਵਿਚ ਆਪ ਨੇ ਸ਼ਾਮਲ ਹੋ ਕੇ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਤੇ ਗੁਰੂ ਕੇ ਲੜ ਲਾਇਆ। ਪਰ-ਉਪਕਾਰ ਦਾ ਮਾਦਾ ਆਪ ਦੇ ਰੋਮ ਰੋਮ ਵਿਚ ਸਮਾਇਆ ਹੋਇਆ ਸੀ। ਹਿਰਦਾ ਇਤਨਾ ਕੋਮਲ ਸੀ ਕਿ ਕਿਸੇ ਦੁਖੀ ਨੂੰ ਦੇਖ ਕੇ ਮਨ ਪਸੀਜ ਜਾਂਦਾ।

ਦਾਸ ਉਤੇ ਉਨ੍ਹਾਂ ਨੇ ਜੋ ਮਹਾਨ ਕਿਰਪਾ-ਦ੍ਰਿਸ਼ਟੀ ਕੀਤੀ, ਦਾਸ ਉਸ ਨੂੰ ਕਦੀ ਭੁਲ ਨਹੀਂ ਸਕੇਗਾ। ਹੋਇਆ ਇਂਜ ਕਿ ਸੰਨ ੧੯੭੦ ਈਸਵੀ ਦੀ ਗੱਲ ਹੈ, ਦਿਲੀ ਵਿਖੇ ਦੁਸਹਿਰੇ ਦਾ ਸਮਾਗਮ ਚਲ ਰਿਹਾ ਸੀ। ਗੁਰਦੁਆਰਾ ਬੰਗਲਾ ਸਾਹਿਬ ਵਿਚ ਇਲਾਹੀ ਕੀਰਤਨ ਦੀਆਂ ਧੁੰਨਾਂ ਉਠ ਰਹੀਆਂ ਸਨ। ਪਿਆਰ ਵਿਚ ਸ਼ਬਦ ਪੜ੍ਹੇ ਜਾ ਰਹੇ ਸਨ। ਮਾਨੋ ਇਕ ਸਵਰਗ ਦਾ ਨਮੂਨਾ ਬਣਿਆ ਹੋਇਆ ਸੀ। ਦਾਸ ਦੇ ਹਿਰਦੇ ਵਿਚ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣ ਤੇ ਨਾਮ ਦੀ ਦਾਤਿ ਪ੍ਰਾਪਤ ਕਰਨ ਦਾ ਚਾਉ ਉਤਪੰਨ ਹੋਇਆ। ਅਖੰਡ ਕੀਰਤਨੀ ਜਥੇ ਵਲੋਂ ਅੰਮ੍ਰਿਤ-ਸਿੰਚਾਰ ਉਥੇ ਸ਼ਾਮ ਨੂੰ ਅਰੰਭ ਹੋਣਾ ਸੀ। ਹੁਣ ਸਵਾਲ ਪੈਦਾ ਹੋਇਆ ਕਿ ਸਿੰਘਣੀ ਨੂੰ ਦਸਤਾਰ ਲਈ ਕਿਸ ਤਰ੍ਹਾਂ ਮਨਾਇਆ ਜਾਏ? ਸਿੰਘਣੀ ਅੰਮ੍ਰਿਤ ਛਕਣ ਲਈ ਤਾਂ ਤਿਆਰ ਸੀ, ਪਰ ਦਸਤਾਰ ਸਜਾਉਣ ਲਈ ਤਿਆਰ ਨਹੀਂ ਸੀ। ਪਰ ਇਥੇ ਅਸੂਲ ਵਿਚ ਢਿਲਿਆਈ ਕਰ ਕੇ ਦਸਤਾਰ ਤੋਂ ਬਗੈਰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ। ਇਸ ਲਈ ਮਜ-ਬੂਰਨ ਇਕੱਲਾ ਹੀ ਅੰਮ੍ਰਿਤ ਛਕਣ ਲਈ ਗੁਰਦੁਆਰਾ ਬੰਗਲਾ ਸਾਹਿਬ ਪਹੁੰਚ ਗਿਆ। ਹੋਰ ਵੀ ਬਹੁਤ ਮਾਈ ਭਾਈ ਅੰਮ੍ਰਿਤ ਛਕਣ ਲਈ ਪੁਜੇ ਹੋਏ ਸਨ।

ਦਾਸ ਨੂੰ ਪੁਛਿਆ ਗਿਆ—ਤੇਰਾ ਵਿਆਹ ਹੋਇਆ ਹੋਇਆ ਹੈ?

ਦਾਸ ਨੇ ਉੱਤਰ ਦਿਤਾ—ਜੀ ਹਾਂ।

"ਫਿਰ ਤੂੰ ਅੰਮ੍ਰਿਤ ਨਹੀਂ ਛੱਕ ਸਕਦਾ। ਆਪਣੀ ਸਿੰਘਣੀ ਨੂੰ ਨਾਲ ਲਿਆਉਣਾ ਬਹੁਤ ਜ਼ਰੂਰੀ ਹੈ।" ਇਹ ਕਹਿ ਕੇ ਦਾਸ ਨੂੰ ਅੰਮ੍ਰਿਤ ਅਭਿਲਾਖੀਆਂ ਦੀ ਲਾਈਨ ਚੋਂ ਬਾਹਰ ਕੱਢ ਦਿਤਾ ਗਿਆ। ਦਾਸ ਕਮਰੇ ਵਿਚੋਂ ਬਾਹਰ ਤਾਂ ਗਿਆ ਨਾ। ਕਮਰੇ ਵਿਚ ਹੀ ਨਿਮੋਝੂਣਾ ਹੋ ਕੇ ਇਕ ਪਾਸੇ ਖਲੋ ਗਿਆ। ਦਾਸ ਦਾ ਮੂੰਹ ਰੋਣਹਾਕਾ ਹੋਇਆ ਪਿਆ ਸੀ। ਕੁਝ ਸੁਝੇ ਨਾ, ਕੀ ਕਰਾਂ? ਮਨ ਵਿਚ ਹੀ ਬੇਨਤੀ ਕੀਤੀ—"ਦਾਤਾ! ਮਿਹਰ ਕਰੋ। ਅੰਮ੍ਰਿਤ ਦੀ ਦਾਤ ਬਖਸ਼ੋ। ਅੰਮ੍ਰਿਤ ਛਕੇ ਤੋਂ ਬਗੈਰ ਮੈਂ ਘਰ ਜਾਣਾ ਨਹੀਂ ਚਾਹੁੰਦਾ।' ਦਾਸ ਦਾ ਦਿਲ ਰੋਈ ਜਾ ਰਿਹਾ ਸੀ। ਬਾਊ ਮਲ ਸਿੰਘ ਜੀ, ਜੋ ਦਾਸ ਨੂੰ ਲਗਾਤਾਰ ਦੇਖੀ ਜਾ ਰਹੇ ਸਨ, ਉਨ੍ਹਾਂ ਦੇ ਕੋਮਲ ਹਿਰਦੇ ਵਿਚ ਤਰਸ ਆਇਆ, ਮਨ ਵਿਚ ਦਇਆ ਆਈ। ਦਾਸ ਨੂੰ ਕੋਲ



www.AKJ.Org

ਸਦਿਆ ਤੇ ਪੁਛਿਆ—"ਤੇਰੇ ਦਿਲ ਵਿਚ ਸੱਚੀ ਲਗਨ ਨਜ਼ਰ ਆਉਂਦੀ ਹੈ। ਜੇ ਅੰਮ੍ਰਿਤ ਛਕਣਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕ ਅਤੇ ਪ੍ਰਣ ਕਰ ਕਿ ਜਿਤਨਾ ਚਿਰ ਤੇਰੀ ਸਿੰਘਣੀ ਤੇਰੇ ਵਾਂਗ ਅੰਮ੍ਰਿਤ ਨਹੀਂ ਛੱਕ ਲੈਂਦੀ, ਉਤਨਾ ਚਿਰ ਤੇਰਾ ਉਸ ਨਾਲ ਗ੍ਰਿਹਸਥੀ ਰਿਸ਼ਤਾ ਕੋਈ ਨਹੀਂ, ਉਸ ਨੂੰ ਭੈਣ ਸਮਾਨ ਸਮਝਣਾ।" ਇਹ ਸੁਣ ਕੇ ਦਾਸ ਗਦ ਗਦ ਹੋ ਗਿਆ ਅਤੇ ਫੌਰਨ ਬਿਨਾ ਹੀਲ ਹੁਜਤ ਪਰਵਾਨ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਦਿਤਾ। ਸਤਿਗੁਰੂ ਦੀ ਬਖਸ਼ਸ਼ ਹੋਈ ਤੇ ਅੰਮ੍ਰਿਤ ਦੀ ਦਾਤਿ ਦੇ ਨਾਲ ਨਾਮ ਦਾਨ ਦੀ ਪ੍ਰਾਪਤੀ ਹੋਈ। ਇਸ ਦਾ ਅਸਰ ਇਹ ਪਿਆ ਕਿ ਇਸ ਘਟਨਾ ਤੋਂ ਪੰਜ ਛੇ ਮਹੀਨੇ ਬਾਅਦ ਦਾਸ ਦੀ ਸਿੰਘਣੀ (ਰਾਜਿੰਦਰ ਕੌਰ) ਨੇ ਵੀ ਖ਼ੁਦ ਬਖ਼ੁਦ ਅੰਮ੍ਰਿਤ ਛਕ ਲਿਆ ਅਤੇ ਸ਼ੌਕ ਨਾਲ ਦਸਤਾਰ ਸਜਾ ਲਈ। ਇਹ ਸਭ ਬਾਊ ਜੀ ਦੇ ਜੀਵਨ ਦਾ ਹੀ ਅਲੌਕਿਕ ਪ੍ਰਭਾਵ ਸੀ।

ਧੰਨ ਹੋ ਬਾਊ ਮਲ ਸਿੰਘ ਜੀ! ਦਾਸ ਤੁਹਾਡੇ ਗੁਣਾਂ ਨੂੰ ਕੀ ਬਿਆਨ ਕਰੇ। ਤੁਸੀਂ ਆਪ ਤਾਂ ਇਥੋਂ ਤੁਰ ਗਏ ਹੋ, ਪਰ ਆਪਣੀਆਂ ਮਿੱਠੀਆਂ ਤੇ ਪਿਆਰੀਆਂ ਯਾਦਾਂ ਸਦਾ ਲਈ ਦਿਲਾਂ ਤੇ ਛੋੜ ਗਏ ਹੋ। ਆਪ ਸਦਾ ਲਈ ਸਦਾ ਸਦਾ ਜੀਵਤ ਹੋ।

ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ ॥
ਸਾਧ ਸੰਗਿ ਤਿਨ੍ਹੀ ਦਰਸਨ ਪਾਇਆ ॥

[ਸੂਹੀ ਮ: ੫, ਪੰਨਾ ੭੩੯-੪੦

## ਗੁਰਮਤਿ ਗਾਡੀ ਰਾਹ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ]

ਸਿਧ-ਪਧਰਾ ਇਹ ਗੁਰਮਤਿ ਗਾਡੀ ਰਾਹ ਹੈ,
ਦਸ ਗੁਰ ਜੋਤਾਂ ਜਗ ਦੇ ਲਈ ਉਲੀਕਿਆ।
ਨਾ ਕੁਈ ਬਿਖਮ ਚੜ੍ਹਾਈ ਨਾ ਉਤਰਾਈਆਂ,
ਡੀਗਨ ਡੋਲੇ ਦਾ ਜਿਸ ਤੇ ਨਹੀਂ ਡਰ ਕਿਤੇ।
ਭੂਲ ਭੁਲਈਆਂ, ਨਾ ਛਿਰਕਾਂ, ਪਗਡੰਡੀਆਂ,
ਨਾ ਭੈਦਾਇਕ ਬਨ ਜੰਗਲ ਕੰਡਿਆਲੜੇ।
ਗੁੰਮ ਹੋਣ ਦੀ ਆਸ ਨ ਰਾਹੀ ਨੂੰ ਕਦੀ,
ਵਾਹੋ-ਦਾਹੀ ਤੁਰਦਾ ਮੰਨਜ਼ਲ ਜਾ ਲਵੇ।
"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ" ਗਾਂਵਦਾ,
ਫੜ ਘੁਟ ਰੱਖੇ ਹੱਥ ਵਿਚ ਆਸਾ ਉਦਮ ਦਾ।
ਏਸ ਰਾਹ ਦਾ ਪਾਂਧੀ ਸਦਾ ਵਿਗਾਸ ਦੀ,
ਉੱਚ ਅਵਸਥਾ ਅੰਦਰ ਤੁਰਦਾ ਝੂਮਦਾ।
ਨਾਮ ਖੁਮਾਰੀ ਨਾਲ ਸਦਾ ਮਖਮੂਰ ਹੋ,
'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਗਾਂਵਦਾ।
ਹਰ ਪੜਾਅ ਤੇ ਖੇੜਾ ਕਰਦਾ ਆਗਮਨ,
ਪਾਂਧੀ ਉਤੇ ਛਾਏ 'ਉਨਮਨ' ਦੀ ਦਸ਼ਾ।
ਦੋ ਵੇਲੇ ਉਹ 'ਮਿੱਤਰ' ਜੀ ਹੱਥ ਜੋੜ ਕੇ,
ਸੰਝ ਸਵੇਰੇ ਮੰਗੇ ਸਰਬੱਤ ਦਾ ਭਲਾ।



www.AKJ.Org

# ਅਬਦਾਲੀ, ਸਿਖ, ਤੇ ਵਡਾ ਘਲੂਘਾਰਾ—(੧੪)

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## *ਜ਼ੈਨ ਖਾਨ ਦੀ ਸਹਾਇਤਾ ਨੂੰ ਕੋਈ ਨਾ ਬਹੁੜਿਆ—*

ਜਦ ਮਲਾਹ ਆਪਣਾ ਬੇੜਾ ਆਪ ਹੀ ਗਰਕ ਕਰਨ ਉਤੇ ਤੁਲਿਆ ਹੋਵੇ, ਫਿਰ ਉਸ ਨੂੰ ਰੱਬੋਂ ਉਰੇ ਕੌਣ ਬਚਾ ਸਕਦੈ ? ਐਖੀ ਬਣੀ ਵੇਲੇ ਇਨਸਾਨ ਦਾ ਇਖ਼ਲਾਕ, ਸਬਰ ਤੇ ਦਿਲ-ਗੁਰਦਾ ਸਹਾਈ ਹੁੰਦੇ ਹਨ । ਬਾਹਰਲੀ ਸਹਾਇਤਾ ਮਿਲਦੀ ਵੀ ਇਨ੍ਹਾਂ ਗੁਣਾਂ ਕਰਕੇ ਹੈ, ਮਿਲੀ ਸਹਾਇਤਾ ਦੀ ਸਹੀ ਵਰਤੋਂ ਕਰ ਕੇ ਬੜੇ ਨਿੱਗਰ ਸਿੱਟੇ ਕਢੇ ਵੀ ਇਨ੍ਹਾਂ ਗੁਣਾਂ ਦੇ ਸਦਕਾ ਹੀ ਜਾਂਦੇ ਹਨ। ਜਿਸ ਪਾਸੇਂ ਇਹ ਗੁਣ ਅਲੋਪ ਹੋ ਗਏ ਹੋਣ ਅਤੇ ਬਾਹਰੋਂ ਸਹਾਇਤਾ ਦੀ ਕੋਈ ਆਸ ਹੀ ਨਾ ਹੋਵੇ, ਉਸ ਦੀ ਤਬਾਹੀ ਦਿਨਾਂ ਪਹਿਰਾਂ ਜਾਂ ਘੜੀਆਂ ਵਿਚ ਨਹੀਂ ਹੁੰਦੀ, ਪਲਾਂ ਵਿਚ ਹੁੰਦੀ ਹੈ ।

ਜ਼ੈਨ ਖ਼ਾਨ ਦਾ ਜਿਥੇ ਇਹ ਹਾਲ ਸੀ ਦੂਜੇ ਬੰਨੇ ਉਸ ਨੂੰ ਬਾਹਰੋਂ ਕਿਸੇ ਪਾਸਿਓਂ ਵੀ ਕੋਈ ਸਹਾਇਤਾ ਨਹੀਂ ਸੀ ਪੁਜ ਸਕਦੀ। ਅਹਿਮਦ ਸ਼ਾਹ ਅਬਦਾਲੀ, ਅਫਗਾਨਿਸਤਾਨ ਦਾ ਸ਼ਹਿਨਸ਼ਾਹ ਸਰਹੱਦੋਂ ਬਹੁਤ ਦੂਰ ਕੰਧਾਰ ਵਿਚ ਆਪਣੇ ਮੁਲਕ ਦਿਆਂ ਝਮੇਲਿਆਂ ਵਿਚ ਫਸਿਆ ਹੋਇਆ ਸੀ। ਸਿਖਾਂ ਨੂੰ ਦਬਾਉਣ ਆਏ ਬਖਸ਼ੀ ਜਹਾਨ ਖਾਨ ਨੂੰ ਖਾਲਸਾ ਜੀ ਨੇ ਸਿਆਲਕੋਟ ਦੇ ਮੈਦਾਨ ਵਿਚ ਹੁਣੇ ਹੁਣੇ ਸੱਟ ਮਾਰੀ ਸੀ ਅਤੇ ਉਹ, ਜੰਮੂ ਰੁਹਤਾਸਗੜ੍ਹ ਜਾਂ ਪਿਸ਼ਾਵਰ ਵਿਚ ਕਿਧਰੇ ਪਿਆ ਹੱਡ-ਗੋਡੇ ਸੇਕ ਰਿਹਾ ਸੀ। ਉਸ ਦਾ ਸਦਾ ਦਾ ਯਾਰ ਮਲੇਰ ਕੋਟਲੇ ਦਾ ਨਵਾਬ ਮਾਰਿਆ ਜਾ ਚੁਕਾ ਸੀ। ਸਾਅਦਤ ਖ਼ਾਨ ਜਲੰਧਰ ਦੇ ਹਾਕਿਮ ਦੇ ਮਨ ਉਤੇ ਸਿੰਘਾਂ ਦਾ ਐਸਾ ਭੈ ਛਾਇਆ ਹੋਇਆ ਸੀ ਕਿ ਉਹ ਡਰਦਾ ਸ਼ਹਿਰੋਂ ਬਾਹਿਰ ਨਿਕਲਦਾ ਤਕ ਨਹੀਂ ਸੀ । ਜਮੂੰ ਵਾਲੇ ਰੰਜੀਤ ਦੇਵ ਅਤੇ ਅਤੇ ਘੁਮੰਡ ਚੰਦ ਕਾਂਗੜੀਏ ਵਿਚ ਜੁਰਅਤ ਨਹੀਂ ਸੀ ਕਿ ਕੱਲੇ ਕਾਰੇ ਸਿੰਘਾਂ ਨਾਲ ਦਸਤ-ਪੰਜਾ ਲੈ ਸਕਣ। ਕਾਬਲੀ ਮੱਲ ਲਾਹੌਰ ਦੇ ਹਾਕਿਮ ਦਾ ਖਾਲਸੇ ਨੇ ਉਂਜ ਹੀ ਸਾਹ ਰੋਕਿਆ ਹੋਇਆ ਸੀ। ਨਾ ਤਾਂ ਉਸ ਪਾਸ ਕੋਈ ਫੌਜ ਹੀ ਬਹੁਤੀ ਸੀ ਅਤੇ ਨਾ ਹੀ ਉਹ ਲਾਹੌਰ ਸੂੰਞਾ ਛਡ ਕੇ ਸਰਹੰਦ ਨੂੰ ਬਚਾਉਣ ਆ ਸਕਦਾ ਸੀ। ਓਨੀ ਕੁ ਫੌਜ ਨਾਲ ਮਸਾਂ ਲਾਹੌਰ ਨੂੰ ਹੀ ਬਚਾਈ ਬੈਠਾ ਸੀ। ਕਲਾਨੌਰੀਆ ਖ਼ੁਆਜਾ ਉਬੈਦ ਖ਼ਾਨ ਤੇ ਬਾਰੀ ਦੁਆਬ ਵਾਲਾ ਮੁਰਾਦ ਖ਼ਾਨ, ਜਿਸ ਦਾ ਬਟਾਲਾ ਸਦਰ ਮਕਾਮ ਸੀ, ਖਾਲਸੇ ਦੇ ਡਰ ਨਾਲ ਜਲੰਧਰੀਏ ਵਾਂਗ ਹੀ ਸਿਰ ਸੁਟੀ ਪਏ ਸਨ। ਇਹ ਕਾਠ ਦੀਆਂ ਪੁਤਲੀਆਂ ਸਿਰਫ ਓਦੋਂ ਹੀ ਨਚਣਾ ਭੁੜਕਣਾ ਅਰੰਭ ਕਰਦੀਆਂ ਸਨ ਜਦ ਇਨ੍ਹਾਂ ਦਾ ਸੁਆਮੀ ਅਫਗਾਨਿਸਤਾਨੋਂ ਆ ਕੇ ਇਨ੍ਹਾਂ ਦੀਆਂ ਸਿਰ ਤੇ ਖਲੋ ਕੇ, ਤਾਰਾਂ ਹਿਲਾਉਂਦਾ ਸੀ । ਉਸ ਤੋਂ ਪਿਛੋਂ ਖਾਲਸਾ ਜੀ ਦੇ ਡਰ ਨਾਲ ਆਪਣਿਆਂ ਆਪਣਿਆਂ ਸ਼ਹਿਰਾਂ ਕਿਲ੍ਹਿਆਂ ਵਿਚ ਇੰਜ ਪੈ ਜਾਂਦੇ ਸਨ ਜਿਵੇਂ ਕਬਰ ਵਿਚ ਮੁਰਦਾ । ਐਸ ਮੁਸੀਬਤ ਵੇਲੇ ਜ਼ੈਨ ਖ਼ਾਨ ਨੂੰ ਕੌਣ ਸਹਾਇਤਾ ਦੇਂਦਾ। ਸਗੋਂ ਉਸ ਦੇ ਉੱਘੇ ਸਾਥੀ ਤਹਿਮਾਸ ਖ਼ਾਨ "ਮਸਕੀਨ", ਮੁਰਤਜ਼ਾ ਖ਼ਾਨ ਬੜਾਇਚ, ਕਾਸਿਮ ਖ਼ਾਨ ਮੜ੍ਹਲ ਵਰਗੇ, ਜੋ ਜ਼ੈਨ ਖਾਨ ਤੋਂ ਬਹੁਤ ਦੁਖੀ ਸਨ, ਉਹ ਵੀ ਉਸ ਦਾ ਸਾਥ ਛਡ ਗਏ ਸਨ।

## *ਖ਼ਾਲਸਾ ਦਲ—*

ਜ਼ੈਨ ਖ਼ਾਨ ਵਾਲੇ ਪਾਸੇ ਤਾਂ ਇਹ ਹਾਲ ਸੀ, ਪਰ



www.AKJ.Org

ਦੂਜੇ ਪਾਸੇ ਬੁੱਢਾ ਤੇ ਤਰੁਣਾ ਦਲ ਦੇ ਬੜੇ ਵਡੇ ਤੇ ਉਘੇ ਉਘੇ ਸਰਦਾਰ ਸਭ ਸਰਹੰਦ ਦੀ ਜੂਹ ਵਿਚ ਆ ਜੁੜੇ ਸਨ। ਹੁਣੇ ਹੁਣੇ ਉਖੇੜੀ, ਮੁਰਿੰਡਾ, ਕੁਰਾਲੀ ਆਦਿ ਨੂੰ ਸੋਧ ਕੇ ਆਏ ਸਨ। ਖਾਲਸਾ ਦਲ ਬੜੇ ਜੋਸ਼ ਵਿਚ ਸੀ। ਸਭ ਤੋਂ ਵਧ ਇਹ ਕਿ ਸੁਲਤਾਨੁ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੋਹਾਂ ਦਲਾਂ ਦਾ ਸਰਵ-ਉਚ-ਮੁਖੀ ਪੰਥ ਦਾ ਸਾਂਝਾ ਜਥੇਦਾਰ, ਤਜਰਬੇਕਾਰ ਤੇ ਹੰਢਿਆ ਜਰਨੈਲ, ਸਰਹੰਦ ਨੂੰ ਸੋਧਣ ਵਾਲੀ ਮੁਹਿੰਮ ਦਾ ਮਰੈਲ ਸੀ। ਇਸ ਦੇ ਨਾਲ ਜੋ ਦੂਸਰੇ ਮਿਸਲਦਾਰ ਹਮ-ਰਕਾਬ ਸਨ, ਅਤੇ ਆਪਣੇ ਸਮੇਂ ਦੇ ਉਘੇ ਰਣਬੀਰ ਸੂਰਮੇ ਸਨ, ਉਹ ਇਹ ਸਨ : ਸਰਦਾਰ ਚੜ੍ਹਤ ਸਿੰਘ ਸ਼ੁਕਰ-ਚੱਕੀਆ, ਸ: ਝੰਡਾ ਸਿੰਘ ਅਤੇ ਗੰਡਾ ਸਿੰਘ ਭੰਗੀ ਅਤੇ ਰਾਹੋਂ ਵਾਲਾ ਤਾਰਾ ਸਿੰਘ ਗੈਬਾ ਤੇ ਦੂਸਰੇ ਹੋਰ ਮਿਸਲਦਾਰ। ਏਸ ਸਮੇਂ ਬਾਬਾ ਆਲਾ ਸਿੰਘ ਪਟਿਆਲੇ ਵਾਲਾ ਵੀ ਪਿਛਾਂਹ ਨਹੀਂ ਰਿਹਾ, ਉਹ ਵੀ ਆਪਣੀ ਫੌਜ ਨਾਲ ਆ ਪੁਜਾ। ਉਸ ਦੀਆਂ ਫ਼ੌਜਾਂ ਦੇ ਕਮਾਨ-ਅਫਸਰ ਹਿੰਮਤ ਸਿੰਘ ਅਤੇ ਚੈਨ ਸਿੰਘ ਸਨ। ਮੁਕਦੀ ਗੱਲ ਇਹ ਕਿ ਮਾਝੇ, ਦੁਆਬੇ, ਮਾਲਵੇ ਵਿਚੋਂ ਸਭ ਥਾਠ ਤੇ ਜੰਗਜੂ ਸਿੰਘ ਸਰਹੰਦ ਦੀ ਜੂਹ ਵਿਚ ਆ ਜੁੜੇ। ਇਸ ਮੁਹਿੰਮ ਵਿਚ ਹਿੱਸਾ ਲੈਣ ਵੇਲੇ ਦਲ ਖਾਲਸਾ ਦੀ ਗਿਣਤੀ ੫੦,੦੦੦ ਦਸੀ ਜਾਂਦੀ ਹੈ।*

## ਜ਼ੈਨ ਖ਼ਾਨ ਦੀ ਵੱਡੀ ਭੁੱਲ–

ਖ਼ਾਲਸਾ ਦਲ ਨੇ ਸਤਲੁਜ ਟੱਪ ਕੇ ਜਦ ਜ਼ੈਨ ਖਾਨ ਦੇ ਇਲਾਕੇ ਸੋਧਣੇ ਸ਼ੁਰੂ ਕੀਤੇ ਤਾਂ ਜ਼ੈਨ ਖਾਨ ਏਸੇ ਗ਼ਲਤ-ਫ਼ਹਿਮੀ ਵਿਚ ਰਿਹਾ ਕਿ ਖਾਲਸਾ ਦਲ "ਲੁਟ ਮਾਰ" ਕਰ ਕੇ ਵਾਪਸ ਚਲਾ ਜਾਵੇਗਾ। ਜਦ ਕੁਰਾਲੀ ਮੁਰਿੰਡਾ ਆਦਿ ਤਬਾਹ ਕੀਤੇ ਗਏ, ਉਸ ਨੇ ਕੋਈ ਉਪਰਾਲਾ ਕਰਨ ਦਾ ਯਤਨ ਨਾ ਕੀਤਾ। ਮੁਰਿੰਡੇ ਆਦਿ ਤੋਂ ਪਿਛੋਂ ਜਦ ਖਾਲਸਾ ਦਲ ਕੁਝ ਦਿਨਾਂ ਲਈ ਸਰਹੰਦ ਉਤੇ ਭਰਪੂਰ ਹੱਲਾ ਕਰਨ ਲਈ ਆਪਣੀ ਤਾਕਤ ਨੂੰ ਇਕੱਠਾ ਕਰਨ ਲਈ ਖਾਮੋਸ਼ ਹੋ ਗਿਆ ਤਾਂ ਵੀ ਉਸ ਨੇ ਕੋਈ ਅਸਰ ਨਾ ਕਬੂਲਿਆ। ਸੂਹੀਆਂ ਨੇ ਦਸਿਆ ਕਿ ਖਾਲਸਾ ਦਲ ਦੀ ਇਹ ਖਾਮੋਸ਼ੀ ਕਿਸੇ ਆਉਣ ਵਾਲੇ ਤਕੜੇ ਤੂਫਾਨ ਦਾ ਪੇਸ਼-ਖ਼ੈਮਾ ਹੈ, ਭਾਵ, ਇਹ ਤੂਫਾਨ ਆਉਣ ਤੋਂ ਪਹਿਲੋਂ ਵਾਲੀ ਚੁਪ-ਚਾਂ ਹੈ। ਪਰ ਕੀ ਬਣ ਸਕਦੈ ਜਦ ਆਚਰਣ ਹੀਣਤਾ, ਹਿਰਸ ਲਾਲਚ, ਤੇ ਬੇ-ਰਹਿਮੀ ਨੇ ਅਕਲ ਨੂੰ ਨੱਪ ਲਿਆ ਹੋਵੇ। ਸਿੰਘਾਂ ਨਾਲ ਵਡਾ ਵੈਰ ਪਾ ਕੇ, ਤੇ ਜਦ ਉਹ ਇਕ-ਮੁਠ ਹੋ ਕੇ ਬੂਹੇ ਅਗੇ ਆ ਬੈਠੇ ਹੋਣ, ਜ਼ੈਨ ਖ਼ਾਨ ਆਪਣੀ ਆਦਤ ਤੋਂ ਮਜਬੂਰ, ਸਭ ਕੁਝ ਅੱਖਾਂ ਤੋਂ ਪਰੋਖਾ ਕਰ ਕੇ, ਬੜੇ ਵੱਡੇ ਲਾਮ-ਲਸ਼ਕਰ ਨਾਲ ਸਰਹੰਦੋਂ ਚੜ੍ਹਦੇ ਪਾਸੇ ਆਪਣੇ ਹੀ ਪਿੰਡ ਵਿਚ ਲੁਟ-ਮਾਰ ਲਈ ਸਰਹੰਦੋਂ ਚੜ੍ਹ ਪਿਆ। ਹੋਣੀ ਬੜੀ ਪ੍ਰਬਲ ਹੈ, ਉਹ ਆਪਣਾ ਰਸਤਾ ਆਪ ਸਾਫ ਕਰ ਲੈਂਦੀ ਹੈ। ਜਿਸ ਨੇ ਸਮੇਂ ਦੀ ਚਾਲ ਨਹੀਂ ਸਮਝੀ, ਬਸ ਸਮਝੋ ਦਲਿਆ ਮਲਿਆ ਗਿਆ। ਜ਼ੈਨ ਖ਼ਾਨ ਨੂੰ ਵੀ ਖੁੜਕ ਗਈ ਸੀ ਕਿ ਉਸ ਨਾਲ ਆਖ਼ਰੀ ਹਿਸਾਬ ਦਾ ਵੇਲਾ ਆਣ ਪਹੁੰਚਿਆ ਹੈ।

## ਜ਼ੈਨ ਖ਼ਾਨ ਨੂੰ ਬਾਹਰ ਹੀ ਘੇਰ ਕੇ ਕਾਬੂ ਕਰ ਲਿਆ–

ਦਲ ਖਾਲਸਾ ਤਿੰਨਾਂ ਹਿਸਿਆਂ ਵਿਚ ਅੱਡ ਅੱਡ ਥਾਵਾਂ ਤੇ ਡੇਰੇ ਲਾਈ ਪਿਆ ਸੀ। ਬੁਢਾ ਦਲ ਦੀਆਂ ਛੇ ਮਿਸਲਾਂ ਸ: ਜਸਾ ਸਿੰਘ ਆਹਲੂਵਾਲੀਏ ਦੀ ਕਮਾਨ ਥਲੇ (ਉਂਜ ਸਾਰਾ ਖਾਲਸਾ ਦਲ ਹੀ ਉਸ ਦੀ ਕਮਾਨ ਥਲੇ ਸੀ) ਸਰਹੰਦੋਂ ਉਤਰ-ਪਛਮ ਵਲ ਪੜਾਅ ਲਾਈ ਬੈਠੀਆਂ ਸਨ। ਪੰਜਾਂ ਮਿਸਲਾਂ ਸਮੇਤ ਤਰੁਣਾ ਦਲ ਬੁਢੇ ਦਲ ਤੋਂ ਥੋੜੀ ਜਹੀ ਵਿੱਥ ਤੇ ਬੈਠਾ ਹੋਇਆ ਸੀ। ਫੂਲਕੀਆਂ ਮਿਸਲ ਦਾ ਵਡਾ ਹਿਸਾ ਅਜੇ ਪਟਿਆਲੇ ਹੀ ਸੀ। ਦਲ ਖਾਲਸੇ ਦੀ ਇਸ ਸਥਿਤੀ ਤੋਂ, ਜਦ ਕਿ ਇਹ ਵਖ ਵਖ ਤਿੰਨ ਥਾਵਾਂ ਤੇ ਖਿੰਡਿਆ ਪਿਆ ਸੀ, ਜ਼ੈਨ

* ਗਿ: ਗਿਆਨ ਸਿੰਘ—ਪੰਥ ਪ੍ਰਕਾਸ਼—ਪੰਨਾ ੮੪੧



www.AKJ.Org

ਖ਼ਾਨ ਕੋਈ ਭਰਪੂਰ ਫ਼ਾਇਦਾ ਨਹੀਂ ਉਠਾ ਸਕਿਆ। ਇਹ ਉਸ ਦੇ ਚੰਗੇ ਜਰਨੈਲ ਨਾ ਹੋਣ ਦੀ ਨਿਸ਼ਾਨੀ ਹੈ।

੧੩ ਜਨਵਰੀ ੧੭੬੪ ਸ਼ੁਕਰਵਾਰ ਨੂੰ ਦਲ ਖਾਲਸਾ ਬਿਫਰੇ ਹੋਏ ਸਮੁੰਦਰ ਦੀ ਛਲ ਵਾਂਗ ਸਰਹੰਦ ਵਲ ਨੂੰ ਉਮਡ ਪਿਆ। ਇਸ ਵੇਲੇ ਜ਼ੈਨ ਖ਼ਾਨ ਸਰਹੰਦੋਂ ਚੜ੍ਹਦੇ ਪਾਸੇ ਪਿੰਡਾਂ ਨੂੰ ਲੁਟ ਪੁਟ ਰਿਹਾ ਸੀ। ਸ: ਜੱਸਾ ਸਿੰਘ ਨੇ ਇਸ ਮੌਕੇ ਤੋਂ ਫ਼ਾਇਦਾ ਉਠਾਉਣ ਦੀ ਵਿਉਂਤ ਸੋਚੀ ਕਿ ਹੁਣ ਚੂੰਕਿ ਜ਼ੈਨ ਖਾਨ ਸਰਹੰਦੋਂ ਬਾਹਰ ਆਇਆ ਹੋਇਆ ਹੈ, ਇਸ ਲਈ ਫੁਰਤੀ ਕਰ ਕੇ, ਸਰਹੰਦੋਂ ਅੱਗੇ ਵਧ ਕੇ ਇਸ ਨੂੰ ਬਾਹਰ ਹੀ ਘੇਰ ਕੇ ਕਾਬੂ ਕਰ ਲੈਣਾ ਚਾਹੀਦਾ ਹੈ ਅਤੇ ਸਰਹੰਦ ਦੇ ਕਿਲ੍ਹੇ ਤਕ ਨਹੀਂ ਪਹੁੰਚਣ ਦੇਣਾ ਚਾਹੀਦਾ, ਤਾਕਿ ਲੜਾਈ ਲੰਬੀ ਨਾ ਹੋ ਸਕੇ। ਇਹ ਬੜੀ ਉਚ ਕੋਟੀ ਦੀ ਯੁਧ-ਚਾਲ ਸੀ, ਜੋ ਸਾਰੇ ਸਰਦਾਰਾਂ ਨੂੰ ਬੜੀ ਚੰਗੀ ਲੱਗੀ ਤੇ ਸਭ ਨੇ ਬੜੀ ਸ਼ਲਾਘਾ ਕੀਤੀ। ਮਤਾ ਪਾਸ ਹੋ ਗਿਆ। ਮੂਹਰਿਓਂ ਹੋ ਕੇ ਜ਼ੈਨ ਖਾਨ ਦਾ ਅੱਗਾ ਰੋਕਣ ਲਈ ਬੁਢਾ ਦਲ ਨੇ ਸਰਦਾਰ ਜੱਸਾ ਸਿੰਘ ਜੀ ਦੀ ਕਮਾਨ ਹੇਠ ਸਰਹੰਦੋਂ ਅਗੇਰੇ ਹੋ ਕੇ, ਬਸੀ ਤੋਂ ਚੜ੍ਹਦੇ ਵਲ, ਭਾਗਨ ਪੁਰ ਜਾ ਡੇਰਾ ਲਾਇਆ ਅਤੇ ਤਰੁਣਾ ਦਲ ਨੇ ਓਨੀ ਫੁਰਤੀ ਨਾਲ ਦਖਣ-ਚੜ੍ਹਦੇ ਨੂੰ ਮਨਹੇੜੇ ਤੇ ਪੰਜੇ ਤਕ ਦਾ ਪਾਸਾ ਜਾ ਕਾਬੂ ਕੀਤਾ ਤੇ ਜ਼ੈਨ ਖ਼ਾਨ ਨੂੰ ਅਰਧ-ਕੁੰਡਲ ਵਿਚ ਲੈ ਲਿਆ। ਜ਼ੈਨ ਖ਼ਾਨ ਬੁਲਾੜੇ ਪਿੰਡ ਵਿਚ ਸੀ ਜਦ ਉਸ ਨੂੰ ਪਤਾ ਲੱਗਾ ਕਿ ਉਹ ਕੜਿੱਕੀ ਵਿਚ ਆ ਗਿਆ ਹੈ। ਸਾਰੀ ਰਾਤ ਸਿੰਘ ਘੋੜਿਆਂ ਦੀਆਂ ਪਿੱਠਾਂ ਤੇ ਨੇਜ਼ੇ ਬੰਦੂਕਾਂ ਲਈ ਤਿਆਰ ਬਰਤਿਆਰ ਰਹੇ ਕਿ ਜ਼ੈਨ ਖ਼ਾਨ ਕਿਸੇ ਪਾਸਿਓਂ ਨਿਕਲ ਕੇ ਸਰਹੰਦ ਨਾ ਜਾ ਵੜੇ। ਓਧਰ ਜ਼ੈਨ ਖ਼ਾਨ ਨੇ ਵੀ ਸਾਰੀ ਰਾਤ ਖੜੇ ਹੀ ਗੁਜ਼ਾਰੀ ਕਿ ਕੋਈ ਬਿਧ ਬਣੇ ਤੇ ਉਹ ਨੱਠ ਕੇ ਕਿਲ੍ਹੇ ਵਿਚ ਜਾ ਵੜੇ। ਅਨ੍ਹੇਰੇ ਨੇ ਉਸ ਦਾ ਕੁਝ ਬਚਾਅ ਕਰ ਛਡਿਆ। ਸਿੰਘ ਸਿਰਫ਼ ਸੂਰਜ ਦੀ ਲੋਅ ਨੂੰ ਹੀ ਉਡੀਕ ਰਹੇ ਸਨ।

## ਇਕ ਵਿਚਾਰ-

ਸੁਹਿਰਦ ਪਾਠਕ ਜੀ, ਆਪ ਜੀ ਦੀ ਆਗਿਆ ਨਾਲ ਆਪ ਦਾ ਧਿਆਨ ਇਕ ਪਲ ਲਈ ਇਕ ਖ਼ੂਨੀ ਨਜ਼ਾਰੇ ਵਲ ਲਿਜਾਣਾ ਚਾਹੁੰਦਾ ਹਾਂ ਜਦ ਕਿ ਅੱਜ ਤੋਂ ੨੧ ਦਿਨ ਘਟ ੨ ਸਾਲ ਪਹਿਲਾਂ (ਮੇਰਾ ਇਸ਼ਾਰਾ ੫ ਫਰਵਰੀ ੧੭੬੨ ਵਾਲੇ ਦਿਨ ਵਾਪਰੇ ਵੱਡੇ ਘਲੂਘਾਰੇ ਵਲ ਹੈ) ਜ਼ੈਨ ਖ਼ਾਨ ਤੇ ਮਲੇਰ ਕੋਟਲੇ ਦੇ ਭੀਖਣ ਖਾਨ ਅਹਿਮਦ ਸ਼ਾਹ ਅਬਦਾਲੀ ਨਾਲ ਰਲ ਕੇ ਖ਼ਾਲਸੇ ਨੂੰ ਸਫ਼ਾ-ਏ-ਹਸਤੀ ਤੋਂ ਮਿਟਾਉਣ ਲਈ ਉਸ ਦੇ ਦੁਆਲੇ ਕੁੱਪ ਰਹੀੜੇ ਦੇ ਮਕਾਮ ਤੇ ਮੌਤ ਦੀ ਸਨ੍ਹੀ ਕਸੀ ਫਿਰਦੇ ਸਨ। ਖਾਲਸਾ ਜੀ ਪਾਸ ਨਾ ਲੋੜ ਅਨੁਸਾਰ ਜੰਗੀ ਸਾਮਾਨ ਸੀ, ਨਾ ਹਥਿਆਰ, ਨਾ ਘੋੜੇ। ਉਲਟਾ ਬੱਚਿਆਂ, ਬੁੱਢਿਆਂ, ਔਰਤਾਂ, ਬੀਮਾਰਾਂ, ਜ਼ਖ਼ਮੀਆਂ, ਨੌਕਰਾਂ ਤੇ ਕਮੀਣਾਂ ਦਾ ਨਿਹੱਥਾ ਵਹੀਰ ਸਾਥ ਸੀ, ਜਿਸ ਨੂੰ ਬਚਾਉਣਾ ਖਾਲਸਾ ਜੀ ਦੇ ਜ਼ਿਮੇ ਸੀ। ਅਚਨਚੇਤ ਹਮਲੇ ਨਾਲ ਸਿਖ ਘਿਰ ਗਏ। ਵੈਰੀ ਦਾ ਇਰਾਦਾ ਸੀ ਕਿ ਘੇਰ ਕੇ ਇਸ ਸਾਰੀ ਗਿਣਤੀ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇ। ਸਾਰੇ ਹਾਲਾਤ ਵੈਰੀ ਦੇ ਹੱਕ ਵਿਚ ਸਨ। ਖਾਲਸੇ ਨੇ ਵਹੀਰ ਦੇ ਉਦਾਲੇ ਲੋਹ-ਮਈ ਕੋਟ ਬਣਾਇਆ। ਆਖਣੇ ਉਦਾਲੇ ਵੈਰੀ ਨੂੰ ਘੇਰਾ ਨਹੀਂ ਪਾਉਣ ਦਿਤਾ। ਲੜਦੇ ਵੀ ਜਾਂਦੇ ਅਤੇ ਤੁਰੇ ਵੀ ਜਾਂਦੇ। ਦੁਸ਼ਮਣ ਤਾਬੜ-ਤੋੜ ਹਮਲੇ ਕਰ ਰਿਹਾ ਸੀ। ਹਮਲੇ ਕਰਨ ਵਾਲੇ ਕੌਣ ਸਨ ? ਸਮੇਂ ਦਾ ਸਭ ਤੋਂ ਵਡਾ ਜਰਨੈਲ, ਪਾਨੀਪੱਤ ਦਾ ਜੇਤੂ, ਅਬਦਾਲੀ, ਉਸ ਦਾ ਹੰਢਿਆ ਪਰਖਿਆ ਵਜ਼ੀਰ ਸ਼ਾਹ ਵਲੀ ਖ਼ਾਨ, ਬੜਾ ਵੱਡਾ ਤਜਰਬਾਦਾਰ ਜਰਨੈਲ ਬਖਸ਼ੀ ਜਹਾਨ ਖਾਨ, ਮਲੇਰ ਕੋਟਲੇ ਦਾ ਨਵਾਬ ਭੀਖਣ ਖਾਨ, ਮੁਰਤਜ਼ਾ ਖ਼ਾਨ ਬੜਾਇਚ, ਕਾਸਿਮ ਖਾਨ ਮੜ੍ਹਲਾ, ਤਹਿਮਾਸ ਖਾਨ, ਦੀਵਾਨ ਲਛਮੀ ਨਰਾਇਣ ਜ਼ੈਨ ਖ਼ਾਨ ਦੀ ਸੱਜੀ ਬਾਂਹ, ਤੇ ਸਿਖਾਂ ਦੇ ਖ਼ੂਨ ਦਾ



www.AKJ.Org

ਤਿਹਾਇਆ ਗ਼ਾਜ਼ੀ ਜ਼ੈਨ ਖਾਨ। ਨਾਲ ਸਨ ਗਹਿਲਾਂ ਕੁਤਬਾਂ, ਬਾਹਮਣੀਆਂ, ਤੇ ਇਰਦ ਗਿਰਦ ਦਿਆਂ ਪਿੰਡਾਂ ਦੇ ਬੇਓੜਕੇ ਰੰਘੜ, ਪਠਾਣ, ਗੁਜਰ, ਅਰਾਈਂ ਤੇ ਸਭ ਪੱਗ-ਬੰਨ੍ਹ ਤੇਲੀ ਸਕੇ ਜੁਲਾਹੇ ਆਦਿ। ਇਹ ਵਹੀਰ ਨੂੰ ਨਹੀਂ ਰੋਕ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਹੱਲਿਆਂ ਦੀ ਕਸਰ ਨਹੀਂ ਛਡੀ। ਵਹੀਰ ਫਿਰ ਵੀ ਨਹੀਂ ਰੁਕਿਆ। ਅਬਦਾਲੀ ਨੇ ਅੱਕ ਕੇ ਜ਼ੈਨ ਖਾਨ ਵੱਲ ਘੋੜ-ਸਵਾਰ ਹਰਕਾਰਾ ਦੁੜਾਇਆ ਤੇ ਸੁਨੇਹਾ ਦਿਤਾ "ਤੁਸੀਂ ਇਨ੍ਹਾਂ ਨੂੰ ਅੱਗੇ ਹੋ ਕੇ ਡੱਕਦੇ ਕਿਉਂ ਨਹੀਂ? ਜੇ ਤੁਸੀਂ ਅਗਿਓਂ ਇਨ੍ਹਾਂ ਨੂੰ ਥੋੜਾ ਜਿਹਾ ਠੱਲ੍ਹ ਲਵੋ ਅਤੇ ਅਗੇ ਨੂੰ ਇਨ੍ਹਾਂ ਨੂੰ ਤੁਰਨੋਂ ਬੰਦ ਕਰ ਦਿਓ ਤਾਂ ਅਸੀਂ ਕੁਝ ਪਲਾਂ ਵਿਚ ਹੀ ਇਨ੍ਹਾਂ ਨੂੰ ਤਲਵਾਰ ਦੇ ਘਾਟ ਲੰਘਾ ਦਿਆਂਗੇ।" "ਪਰ ਇਨ੍ਹਾਂ ਦੇ ਮੂਹਰੇ ਹੋ ਕੇ ਇਨ੍ਹਾਂ ਨੂੰ ਠਲ੍ਹ ਕੇ ਰੋਕੀ ਰਖਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ" ਜ਼ੈਨ ਖਾਨ ਦਾ ਅਗੋਂ ਜਵਾਬ ਸੀ।

ਪਰ ਅੱਜ ਸਰਹੰਦੋਂ ਬਾਹਰ ਕੁਝ ਕੋਹਾਂ ਤੇ ਫੌਜ ਅਤੇ ਹਥਿਆਰ ਨਾਲ ਹੁੰਦੇ ਹੋਏ, ਬਗੈਰ ਕਿਸੇ ਉਸ ਕਿਸਮ ਦੀ ਵਹੀਰ ਦੇ ਖਲਜਗਣ ਦੇ, ਖ਼ੁਦ ਨਰਗੇ ਵਿਚ ਆ ਗਿਆ ਹੈ। ਸਿਖਾਂ ਪਾਸ ਭਜ ਕੇ ਜਾਣ ਨੂੰ ਕੋਈ ਪਨਾਹ ਵਾਲੀ ਥਾਂ ਨਹੀਂ ਸੀ। ਚੁਫੇਰ ਖੁਲ੍ਹਾ ਮੈਦਾਨ ਤੇ ਦੁਵੱਲੀ ਵੈਰੀ ਸੀ। ਪਰ ਜ਼ੈਨ ਖਾਨ ਦਾ ਕਿਲ੍ਹਾ ਉਸ ਨੂੰ ਨਜ਼ਰ ਆ ਰਿਹਾ ਹੈ। ਬਹੁਤੀ ਵਿਥ ਨਹੀਂ। ਪਰ ਅਜ ਘੇਰਨ ਤੇ ਰੋਕਣ ਵਾਲੇ ਉਹ ਹਨ ਜਿਨ੍ਹਾਂ ਨੂੰ ਦੋ ਸਾਲ ਪਹਿਲਾਂ ਇਨ੍ਹਾਂ ਘੇਰਨ ਦੇ ਯਤਨ ਕੀਤੇ ਸਨ। ਜ਼ੈਨਖਾਨ ਦੀ ਸਥਿਤੀ ਕੁਪ ਰਹੀੜੇ ਵਾਲੀ ਸਿਖਾਂ ਦੀ ਸਥਿਤੀ ਨਾਲੋਂ ਕਈ ਗੁਣਾ ਚੰਗੀ ਸੀ। ਦਲ ਖਾਲਸਾ ਸਿਰਫ਼ ਸਰਹੰਦ ਤੇ ਜ਼ੈਨ ਖਾਨ ਦੇ ਹੀ ਵਿਚਕਾਰ ਸੀ। ਤਿੰਨ ਪਾਸੇ ਉਸ ਲਈ ਖੁਲ੍ਹੇ ਸਨ। ਦਿਲੀ ਵੱਲ ਨੂੰ ਨੱਸ ਕੇ ਜਾਨ ਬਚਾ ਸਕਦਾ ਸੀ। ਪਰ ਸਿੰਘਾਂ ਦੇ ਅੱਗੇ ਲੱਗ ਕੇ ਦਿਲੀ ਵੱਲ ਨੂੰ ਨਠਿਆਂ ਦਿੱਲੀ ਬਹੁਤ ਦੂਰ ਸੀ। ਅੱਜ ਤੋਂ ਦੋ ਸਾਲ ਪਹਿਲਾਂ ਕੁਪ ਰਹੀੜੇ ਦੇ ਮਕਾਮ ਤੇ ਜਿਨ੍ਹਾਂ ਸਿਰ ਜੋ ਭਾਜੀ ਚਾੜ੍ਹੀ ਸੀ, ਉਸ ਦਾ ਨਿਉਂਦਾ ਦੇਣ ਲਈ ਅਜ ਉਹ ਸਰਹੰਦ ਆਏ ਹੋਏ ਹਨ। ਨਿਉਂਦਾ ਪੰਜ਼ਾਬ ਵਿਚ ਜ਼ਰੂਰ ਮੁੜਨਾ ਹੈ, ਏਥੇ ਹਰ ਸੂਰਤ ਵਿਚ ਮੁੜੇਗਾ। ਪਿਆਰੇ ਪਾਠਕ ਜੀਓ, ਤੁਸੀਂ ਭਾਜੀ ਚੜ੍ਹਦੀ ਨਿਰਪੱਖ ਹੋ ਕੇ ਤੱਕੀ ਸੀ, ਓਸੇ ਤਰ੍ਹਾਂ ਜ਼ਰਾ ਨਿਉਂਦਾ ਮੁੜਦਾ ਵੀ ਵੇਖ ਲਵੋ!

## ਜ਼ੈਨ ਖਾਨ ਦੀ ਚਾਲ–

੧੪ ਜਨਵਰੀ ੧੭੬੪ ਈ: ਨੂੰ ਸਨਿਚਰਵਾਰ ਦਾ ਦਿਨ ਸੀ।* ਅਜੇ ਕਾਫ਼ੀ ਤੜਕਾ ਤੇ ਮੂੰਹ-ਹਨੇਰਾ ਸੀ ਜਦ ਜ਼ੈਨ ਖਾਨ ਇਕ ਚਾਲ ਬਣਾ ਕੇ ਚੁਪਚਾਪ ਸਵਾਰ ਹੋ ਕੇ ਨਾਲ ਇਕ ਹਿਫਾਜ਼ਤੀ ਦਸਤਾ ਲੈ ਕੇ ਅੱਖ ਬਚਾ ਕੇ ਮਨਹੇੜੇ ਵਾਲੇ ਪਾਸਿਓਂ ਸਰਹੰਦ ਪਹੁੰਚਣ ਦੀ ਨੀਤ ਨਾਲ ਦਬੇ ਪੈਰੀਂ ਉਠ ਤੁਰਿਆ। ਦੂਜੀ ਸਾਰੀ ਫੌਜ, ਤੋਪਾਂ, ਜ਼ੰਬੂਰੇ ਰਹਿਕਲੇ, ਬੰਦੂਕਚੀ, ਜਜ਼ਾਇਲ ਬਰਦਾਰ ਤੇ ਤੀਰ-ਅੰਦਾਜ਼ ਮਾਲ ਅਸਬਾਬ ਵਾਲੀ ਬਾਰ-ਬਰਦਾਰੀ ਦੇ ਨਾਲ ਕਰ ਦਿਤੇ। ਝੰਡੇ, ਧੌਂਸੇ ਨਗਾਰੇ ਵੀ ਇਨ੍ਹਾਂ ਦੇ ਨਾਲ ਹੀ ਕਰਕੇ ਤੋਰ ਦਿਤੇ ਅਤੇ ਹੁਕਮ ਦੇ ਦਿਤਾ ਕਿ ਇਨ੍ਹਾਂ ਨੂੰ ਵਜਾਉਂਦੇ ਜਾਓ। ਉਸ ਦੀ ਵਿਉਂਤ ਇਹ ਸੀ ਕਿ ਨਗਾਰਿਆਂ ਧੌਂਸਿਆਂ ਦੀ ਅਵਾਜ਼ ਸੁਣ ਕੇ ਖਾਲਸੇ ਦਾ ਸਾਰਾ ਧਿਆਨ ਓਧਰ ਹੋ ਜਾਵੇਗਾ ਅਤੇ ਉਹ ਅਵੱਸ਼ ਹਮਲਾ ਕਰ ਕੇ ਮਾਲ ਅਸਬਾਬ ਲੁਟਣ ਵਿਚ ਅਤੇ ਲੜਨ ਭਿੜਨ ਵਿਚ ਰੁਝ ਜਾਣਗੇ ਅਤੇ ਆਪ ਤੇਜ਼ੀ ਨਾਲ ਛੂਟ ਕਰ ਕੇ

* ਨੋਟ:—ਆਧੁਨਿਕ ਕਾਲ ਦੇ ਇਤਿਹਾਸਕਾਰ ਬਗੈਰ ਕਿਸੇ ਪ੍ਰਮਾਣੀਕ ਸਮਕਾਲੀ ਗਵਾਹੀ ਦੇ ਸਰਹੰਦ ਦੀ ਜਿੱਤ ਦਾ ਸਮਾਂ ਦਸੰਬਰ 1763 ਮੰਨਦੇ ਹਨ। ਪਤਾ ਨਹੀਂ ਉਨ੍ਹਾਂ ਦੇ ਸੂਤਰ ਕੀ ਹਨ। ਮੈਂ ਸ: ਰਤਨ ਸਿੰਘ ਭੰਗੂ ਦੀ ਲਿਖਤ ਨੂੰ ਸਭ ਤੋਂ ਵਧ ਪ੍ਰਮਾਣੀਕ ਤੇ ਭਰੋਸੇ ਯੋਗ ਮੰਨ ਕੇ, ਕਿਉਂਕਿ ਉਸ ਦਾ ਬਾਪ ਇਸ ਮੌਕੇ ਤੇ ਹਾਜ਼ਰ ਸੀ ਤੇ ਇਸ ਲੜਾਈ ਵਿਚ ਉਸ ਨੇ ਪੂਰਾ ਪੂਰਾ ਹਿੱਸਾ ਲਿਆ ਸ, 4 ਮਾਘ 1820 ਬਿਕਰਮੀ, 14 ਜਨਵਰੀ 1764 ਦੇ ਦਿਨ ਨੂੰ ਸਹੀ ਮੰਨਦਾ ਹਾਂ। ਪ੍ਰਾਚੀਨ ਪੰਥ ਪ੍ਰਕਾਸ਼ ਦੀ ਅਥਾਰਟੀ ਅਕੱਟ ਤੇ ਠੋਸ ਹੈ।—ਸਵਰਨ ਸਿੰਘ



www.AKJ.Org

ਸਰਹੰਦ ਕਿਲ੍ਹੇ ਅੰਦਰ ਜਾ ਵੜਾਂਗਾ। ਬੱਸ ਫਿਰ ਅੰਦਰ ਬੈਠ ਕੇ ਖ਼ੂਬ ਡਟ ਕੇ ਟਾਕਰਾ ਕਰੂੰਗਾ। ਮੁਹਾਸਰਾ (ਘੇਰਾ) ਪਾ ਕੇ ਜੇ ਖਾਲਸੇ ਬੈਠਣਗੇ ਤਾਂ ਕਿਸੇ ਨਾ ਕਿਸੇ ਪਾਸਿਓਂ ਕੋਈ ਮਦਦ ਆ ਹੀ ਜਾਵੇਗੀ, ਜੇ ਨਾ ਵੀ ਆਈ ਤਾਂ ਇਹ ਆਪ ਹੀ ਭੁਖੇ ਤਿਹਾਏ ਖਹਿੜਾ ਛਡ ਜਾਣਗੇ।

## ਜ਼ੈਨ ਖਾਨ ਦੀ ਚਾਲ ਕਾਮਯਾਬ ਨਾ ਹੋ ਸਕੀ ਤੇ ਉਹ ਮਾਰਿਆ ਗਿਆ—

ਤਜਰਬੇਕਾਰ ਤੇ ਸਿਆਣੇ ਸ਼ਿਕਾਰੀ ਵਾਂਗ ਸਿੰਘਾਂ ਸਰਦਾਰਾਂ ਨੇ ਵੀ ਇਹ ਸਾਰੇ ਦਾਅ ਤੇ ਪੈਂਤੜੇ ਸੋਚੇ ਹੋਏ ਸਨ। ਉਹਦੀ ਇਕ ਇਕ ਚਾਲ ਤੇ ਹਰਕਤ ਨਿਗਾਹ ਵਿਚ ਰਖਣ ਲਈ ਉਸ ਦੇ ਚਾਰ ਚੁਫੇਰੇ ਤੇਜ਼-ਰਫਤਾਰ ਸੂਹੀਏ ਤੇ ਟਾਂਗੂ ਰਖੇ ਹੋਏ ਸਨ, ਜੋ ਪਲ ਪਲ ਦੀਆਂ ਖਬਰਾਂ ਸਰਦਾਰਾਂ ਤੱਕ ਤੇ ਖਾਸ ਤੌਰ ਤੇ ਸ: ਜੱਸਾ ਸਿੰਘ ਆਹਲੂਵਾਲੀਆ ਤਕ ਪਹੁੰਚਾਉਂਦੇ ਸਨ। ਧੌਂਸਿਆਂ ਦੀ ਅਵਾਜ਼ ਦਾ ਲੋੜੀਂਦਾ ਅਸਰ ਹੋਇਆ। ਅਵਾਜ਼ ਸੁਣ ਕੇ ਤਰੁਣਾ ਦਲ ਦਾ ਤਕੜਾ ਹਿਸਾ ਇਸਵਹੀਰ ਉਤੇ ਜਾ ਪਿਆ। ਮਝੈਲਾਂ ਨੇ ਅਨ੍ਹੇਰੇ ਵਿਚ ਹੀ ਕਟਾ ਵੱਢ ਕਰ ਕੇ ਸਾਰੇ ਦਾ ਸਾਰਾ ਬੇਬਹਾ ਮਾਲ-ਅਸਬਾਬ ਓਥੇ ਹੀ ਡਕਕੇ ਸੁਟਾ ਲਿਆ। ਜਿੰਨਾ ਕੁ ਹਿਸਾ ਫ਼ੌਜ ਦਾ ਤੇਗ ਦੀ ਮਾਰ ਤੋਂ ਬਚ ਗਿਆ, ਉਹ ਜ਼ੈਨ ਖ਼ਾਨ ਵਲ ਨੂੰ ਹੋ ਤੁਰਿਆ। ਸੂਹੀਆਂ ਨੇ ਜਦ ਸ: ਜੱਸਾ ਸਿੰਘ ਨੂੰ ਇਹ ਖਬਰ ਦਿਤੀ ਤਾਂ ਉਹ ਹੋਰ ਚੌਕਸ ਹੋ ਗਏ। ਜ਼ੈਨ ਖ਼ਾਨ ਨੇ ਤੇਜ਼ੀ ਨਾਲ ਫੌਜ ਨੂੰ ਖਾਲਸੇ ਨਾਲ ਲੜਨ ਲਈ ਅੱਗੇ ਕੀਤਾ ਤੇ ਆਪ ਸ਼ਹਿਰ ਵਲ ਕਮਾਨੋਂ ਛੁਟੇ ਤੀਰ ਵਾਂਗ ਰਫ਼ਤਾਰ ਫੜ ਲਈ। ਸਿੰਘਾਂ ਲਲਕਾਰਿਆ ਕਿ ਏਥੋਂ ਹੁਣ ਕੋਈ ਜੀਊਂਦਾ ਬਚ ਕੇ ਸਰਹੰਦ ਵਿਚ ਨਾ ਜਾਣਾ ਪਾਵੇ। ਜਿਧਰ ਨੂੰ ਜ਼ੈਨ ਖ਼ਾਨ ਸੇਧ ਫੜ ਕੇ ਘੂਕਾਂ ਬੰਨ੍ਹੀ ਆਉਂਦਾ ਸੀ, ਉਸ ਪਾਸੇ ਵੀ ਸਿੰਘ ਚੰਗੀ ਕਰੜਾਈ ਕਰੀ ਬੈਠੇ ਸਨ। ਐਨ ਜਿਸ ਤਰ੍ਹਾਂ ਸ਼ਿਕਾਰੀਆਂ ਦਾ ਭਜਾਇਆ ਸੂਰ ਅਗੇ ਲਾਈ ਬੌਰ ਵਿਚ ਘੜੱਚ ਆਣ ਵਜਦਾ ਹੈ ਓਵੇਂ ਹੀ ਸਿੰਘਾਂ ਦੇ ਵਿਚ ਆਣ ਵਜਾ। ਮਾਰ ਵਿਚ ਆਉਂਦਿਆਂ ਸਾਰ ਉਨ੍ਹਾਂ ਬੰਦੂਕਾਂ ਦੀ ਛਲਕ ਝਾੜ ਦਿੱਤੀ। ਇਨ੍ਹਾਂ ਵਿਚੋਂ ਇਕ ਗੋਲੀ ਜ਼ੈਨ ਖ਼ਾਨ ਦਾ ਸੀਨਾ ਚੀਰ ਕੇ ਲੰਘ ਗਈ ਤੇ ਉਹ ਜ਼ਖਮੀ ਹਾਲਤ ਵਿਚ ਘੋੜੇ ਤੋਂ ਥਲੇ ਡਿਗ ਪਿਆ। ਉਸ ਦੇ ਨਾਲ ਦੇ ਸਾਥੀਆਂ ਵਿਚ ਤਕੜਾ ਰੌਲਾ ਤੇ ਖਲਬਲੀ ਮੱਚ ਗਈ। ਉਨ੍ਹਾਂ ਹਫਲਿਆਂ ਦੀਆਂ ਇਹ ਅਵਾਜ਼ਾਂ "ਬਰਕੁਨ, ਬਰਕੁਨ" "ਚੁੱਕ ਲਓ, ਚੁੱਕ ਲਓ" ਜਦ ਸਿੰਘਾਂ ਸੁਣੀਆਂ ਤਾਂ ਉਹ ਝੱਟ ਸਮਝ ਕਿ ਗਏ ਜਿਸ ਨੂੰ ਚੁਕਣ ਲਈ ਕਾਹਲੀ ਕਾਹਲੀ ਕਹਿ ਰਹੇ ਹਨ, ਇਹ ਅਵੱਸ਼ ਜ਼ੈਨ ਖਾਨ ਹੀ ਡਿੱਗਾ ਪਿਆ ਹੋਵੇਗਾ। ਬਹੁਤ ਸਾਰੇ ਸਿੰਘ ਏਨੀ ਤੇਜ਼ੀ ਨਾਲ ਪਏ ਕਿ ਅੱਖ ਝਮਕਦਿਆਂ ਵੀ ਦੇਰ ਲਗਦੀ ਹੈ। ਮਾੜੀ ਵਾਲੇ ਤਾਰਾ ਸਿੰਘ ਨੇ ਅਗੇ ਹੋ ਕੇ ਡਿਗੇ ਪਏ ਜ਼ੈਨ ਖ਼ਾਨ ਦਾ ਸਿਰ ਲਾਹ ਦਿਤਾ। ਨਾਲ ਹੀ ਸਿੰਘਾਂ ਜੈਕਾਰੇ ਗਜਾ ਦਿਤੇ ਕਿ ਜ਼ੈਨਾ ਪਾਪੀ ਸੋਧ ਦਿਤਾ ਹੈ। ਲਛਮੀ ਨਾਰਾਇਣ ਵੀ ਨਾ ਬਚ ਕੇ ਜਾਵੇ। ਏਨੇ ਕੁ ਚਿਰ ਵਿਚ ਦੂਜੇ ਸਿੰਘਾਂ ਨੇ ਉਸ ਨੇ ਨਾਲਦਿਆਂ ਸਾਥੀਆਂ ਨੂੰ ਪਾਰ ਬੁਲਾ ਦਿਤਾ।* ਜ਼ੈਨਖਾਨ ਮਨਹੇੜੇ ਪਿੰਡ ਦੀ ਜੂਹ ਵਿਚ ਮਨਹੇੜੇ ਦੇ ਪੀਰ ਜ਼ੈਨ ਖਾਨ (ਜ਼ੈਨਾ ਪੀਰ) ਦੀ ਖਾਨਗਾਹ ਲਾਗੇ ਮਾਰਿਆ ਗਿਆ ਸੀ।† ਮਨਹੇੜਾ

* ਸ: ਰਤਨ ਸਿੰਘ ਭੰਗੂ — ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 498-502; ਉਮਦਾਤੁਤ-ਤਵਾਰੀਖ਼ ਦਫਤਰ 1 ਪੰਨਾ 161 ਦਫਤਰ ਦੂਸਰਾ, ਪੰਨਾ 11; ਤਜ਼ਕਰਾ-ਏ-ਖਾਨਦਾਨ-ਏ ਫੂਲਕਿਆਂ—ਪੰਨਾ 17; ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ—ਪੰਨਾ 202; ਡਾ: ਗੰਡਾ ਸਿੰਘ—ਸ: ਜੱਸਾ ਸਿੰਘ ਆਹਲੂਵਾਲੀਆ ਪੰਨਾ 140; ਡਾ: ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ—ਪੰਨਾ 202;

† ਗਿ: ਗਿਆਨ ਸਿੰਘ — ਤਵਾਰੀਖ਼ ਗੁਰੂ ਖ਼ਾਲਸਾ ਹਿਸਾ ਦੂਜਾ ਅਰਥਾਤ ਸ਼ਮਸ਼ੇਰ ਖਾਲਸਾ (ਭਾਸ਼ਾ ਵਿਭਾਗ) ਪੰਨਾ 209; ਡਾ: ਹਰੀ ਰਾਮ ਗੁਪਤਾ— ਹਿਸਟਰੀ ਆਫ਼ ਦੀ ਸਿਖਸ ਭਾਗ ਦੂਜਾ, ਪੰਨਾ 201-2; ਡਾ: ਗੰਡਾ ਸਿੰਘ — ਸ: ਜੱਸਾ ਸਿੰਘ ਆਹਲੂਵਾਲੀਆ ਪੰਨਾ 140।



www.AKJ.Org

ਪਿੰਡ ਸਰਹੰਦੋਂ ਚੜ੍ਹਦੇ ਵਾਲੇ ਪਾਸੇ ੭, ੮ ਮੀਲ ਦੀ ਵਿੱਥ ਉਤੇ ਵਾਕਿਆ ਹੈ। ਉਸ ਦਾ ਦੀਵਾਨ ਲਛਮੀ ਨਾਰਾਇਣ ਵੀ ਮਾਰਿਆ ਗਿਆ।* ਸਿੰਘਾਂ ਦੋਹਾਂ ਦੇ ਸਿਰ ਨੇਜ਼ਿਆਂ ਉਤੇ ਟੰਗ ਲਏ। ਪਹਿਲਾਂ ਸ: ਜੱਸਾ ਸਿੰਘ ਦੇ ਪੈਰਾਂ ਵਿਚ ਰਖੇ ਤੇ ਫੇਰ ਦਲਾਂ ਵਿਚ ਫੇਰਿਆ। ਜ਼ੈਨ ਖਾਨ ਦੇ ਮਰਨ ਦੀ ਖਬਰ ਜਦ ਫੌਜ ਵਿਚ ਅੱਗ ਵਾਂਗ ਖਿਲਰੀ ਤਾਂ ਸਾਰੀ ਫੌਜ ਬੇਦਿਲ ਹੋ ਕੇ ਜਾਨ ਬਚਾਉਣ ਲਈ ਅਨ੍ਹੇਰੀ ਵਿਚ ਉਡਦਿਆਂ ਸੁਕਿਆਂ ਪੱਤਿਆਂ ਵਾਂਗ ਐਧਰ ਓਧਰ ਭਜਣ ਲਗੀ। ਹੁਣ ਕੁਝ ਚਾਨਣ ਵੀ ਹੋ ਗਿਆ ਸੀ। ਘਲੂਘਾਰੇ ਵਾਲੇ ਵੈਰੀ ਸਾਹਮਣੇ ਸਨ। ਸਿੰਘ ਰੋਹ ਵਿਚ ਆ ਕੇ ਭੁਖਿਆਂ ਸ਼ੇਰਾਂ ਵਾਂਗ ਜ਼ੈਨ ਖਾਨ ਦੀ ਫੌਜ ਤੇ ਪੈ ਗਏ। ਨਾ ਹੀ ਕੋਈ ਅੜਨ ਦਿਤਾ ਅਤੇ ਨਾ ਹੀ ਕੋਈ ਭਜਣ ਦਿਤਾ। ਤੇਗਾਂ ਉਠੀਆਂ ਤੇ ਬਿਜਲੀ ਵਾਂਗ ਚਮਕੀਆਂ। ਨੇਜੇ ਉਭਰ ਉਭਰ ਕੇ ਪਏ। ਤਫੰਗਾਂ ਦੀ ਠਾਹ ਠਾਹ ਤੇ ਤੀਰਾਂ ਦੀ ਸਰਰ ਸਰਰ, ਬਸ ਫੌਰੇ ਵਿਚ ਘਾਣ ਮੱਚ ਗਏ ਤੇ ਸਥਰ ਲਹਿ ਗਏ। ਕੇਵਲ ਕੁਝ ਉਹ ਬਚੇ ਜਿਨ੍ਹਾਂ ਪੱਗਾਂ ਗਲਾਂ ਵਿਚ ਪਾ, ਮੂੰਹ ਵਿਚ ਘਾਹ ਦੀਆਂ ਤ੍ਰਿੜਾਂ ਲੈ ਕੇ ਖਾਲਸੇ ਅਗੇ ਹਥਿਆਰ ਸੁੱਟ ਦਿਤੇ ਤੇ ਗੁਰੂ ਦਾ ਵਾਸਤਾ ਪਾ ਕੇ ਪ੍ਰਾਣਾਂ ਦੀ ਭੀਖ ਮੰਗ ਲਈ। ਜ਼ੈਨ ਖਾਨ ਦੀ ਫੌਜ ਮੁਕੰਮਲ ਤੌਰ ਤੇ ਤਬਾਹ ਹੋ ਗਈ।†

ਇਸ ਦਿਨ ੪ ਮਾਘ ੧੮੨੦ ਬਿਕਰਮੀ, ੧੪ ਜਨਵਰੀ ਸੰਨ ੧੭੬੪ ਸਨਿਚਰਵਾਰ ਸੀ। ਏਸੇ ਦਿਨ ੧੭੬੧ ਨੂੰ ਪਾਨੀਪਤ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਮਰਾਠਿਆਂ ਉਤੇ ਬੜੀ ਭਾਰੀ ਜਿਤ ਹੋਈ ਸੀ। ਅਹਿਮਦ ਸ਼ਾਹ ਦੀ ਜਿਤ ਦੀ ਇਸ ਦਿਨ ਤੀਜੀ ਬਰਸੀ ਸੀ। ਸ਼ਾਇਦ ਅਹਿਮਦ ਸ਼ਾਹ ਦੇ ਕੈਂਪ ਵਿਚ ਜਿਤ ਦੀ ਖੁਸ਼ੀ ਦੇ ਸ਼ਾਦਿਆਨੇ ਵੱਜ ਰਹੇ ਹੋਣ, ਪਰ ਇਧਰ ਸਰਹੰਦ ਵਿਚ ਤਬਾਹੀ ਦੇ ਬਿਗਲ ਵੱਜ ਰਹੇ ਸਨ। ਐਨ ਓਸੇ ਦਿਨ ਤਿੰਨ ਵਰ੍ਹਿਆਂ ਪਿਛੋਂ ਸਿੰਘਾਂ ਨੇ ਸਤਲੁਜੋਂ ਦਖਣ ਨੂੰ ਦੁਰਾਨੀ ਹਕੂਮਤ ਦੀ ਸਫ਼ ਜੋ ਮਰਹੱਟਿਆਂ ਦੀਆਂ ਲਾਸ਼ਾਂ ਤੇ ਵਿਛਾਈ ਗਈ ਸੀ, ਵਲ੍ਹੇਟ ਕੇ ਸਤਲੁਜ ਵਿਚ ਅਰਬ ਸਾਗਰ ਵਲ ਨੂੰ ਰੋੜ੍ਹ ਛਡੀ ਸੀ। ਫਿਰ ਇਸ ਤੋਂ ਪਿਛੋਂ ਅਹਿਮਦ ਸ਼ਾਹ ਨੇ ਭਾਵੇਂ ਪੂਰਾ ਜ਼ੋਰ ਮਾਰਿਆ ਪਰ ਮੁੜ ਸਿੰਘਾਂ ਨੇ ਉਸ ਨੂੰ ਇਸ ਇਲਾਕੇ ਵਿਚ ਪੈਰ ਨਾ ਜਮਾਉਣ ਦਿਤੇ। ਅਜੇ ਪੂਰੇ ਦੋ ਸਾਲ ਵੀ ਨਹੀਂ ਸਨ ਹੋਏ ਕਿ ਘਲੂਘਾਰੇ ਦਾ ਬਦਲਾ, ਜਿਸ ਘਲੂਘਾਰੇ ਵਿਚ ਦੁਰਾਨੀ ਆਪਣੇ ਵਲੋਂ ਸਿੰਘਾਂ ਨੂੰ ਹਮੇਸ਼ਾ ਲਈ ਖਤਮ ਕਰ ਗਿਆ ਸੀ, ਸਿੰਘਾਂ ਨੇ ਦੁਰਾਨੀਆਂ ਤੋਂ ਸਰਹੰਦ ਫਤਹ ਕਰ ਕੇ ਲੈ ਲਿਆ। ਭਾਵੇਂ ਦੁਰਾਨੀਆਂ ਤੇ ਸਿੰਘਾਂ ਵਿਚਕਾਰ ਝਪਟਾਂ ਨਾਦਰ ਸ਼ਾਹ ਦੁਰਾਨੀ ਦੇ ਵੇਲੇ ਤੋਂ ਹੀ ਹੁੰਦੀਆਂ ਚਲੀਆਂ ਆ ਰਹੀਆਂ ਸਨ ਅਤੇ ਅਹਿਮਦ ਸ਼ਾਹ ਨੇ ਆਪਣੇ ਮਾਲਕ ਨਾਦਰ ਸ਼ਾਹ ਨਾਲ ਕਈ ਵਾਰ ਜ਼ੱਕ ਉਠਾਈ ਸੀ, ਪਰ ਸਿੰਘਾਂ ਦਾ ਇਹ ਵਿਗਾੜ ਕੁਝ ਨਹੀਂ ਸਨ ਸਕੇ। ਨਾਦਰ ਸ਼ਾਹ ਦੇ ਪਿਛੋਂ, ਅਹਿਮਦ ਸ਼ਾਹ ਨੂੰ ਉਸ ਦਿਆਂ ਪਹਿਲਿਆਂ ਪੰਜਾਂ ਹੱਲਿਆਂ ਵੇਲੇ ਸਿੰਘਾਂ ਉਸ ਦਾ ਖੂਬ ਨੁਕਸਾਨ ਕੀਤਾ ਸੀ ਤੇ ਉਹ ਬੜਾ ਛਿਥਾ ਪਿਆ ਹੋਇਆ ਸੀ। ਸਿੰਘ ਉਸ ਦੇ ਪੰਜਾਬ ਨੂੰ ਹੜੱਪਣ ਦੇ ਮਨਸੂਬਿਆਂ ਵਿਚ ਪਹਾੜ ਜਿਡਾ ਅੜਿਕਾ ਸਨ। ਸਿੱਟਾ ਘਲੂਘਾਰਾ ਨਿਕਲਿਆ। ਦੁਰਾਨੀਆਂ ਨੇ ਘਲੂਘਾਰੇ ਵਿਚ ਸਿੰਘਾਂ ਨੂੰ ਜੋ ਬਾਣ ਮਾਰਿਆ ਉਸ ਨਾਲ ਸਿੰਘਾਂ ਵਿਚ ਉਹ ਰੋਸ ਜਾਗਿਆ—(ਜਬੈ ਬਾਣ ਲਾਗੈ ਤਬੈ ਰੋਸ ਜਾਗੈ)—ਕਿ ਦੁਰਾਨੀਆਂ ਨੂੰ ਮੁੜ ਇਨ੍ਹਾਂ ਨੇ ਸੁਖ ਦਾ ਸਾਹ ਤੇ ਤੇ ਚੈਨ ਦੀ ਨੀਂਦ ਨਹੀਂ ਸੌਣ ਦਿੱਤਾ। ਐਸੇ ਲੱਕ ਬੰਨ੍ਹ ਕੇ ਪਏ ਕਿ ਸਤਲੁਜ ਦੱਖਣ ਵਲ ਨੂੰ ਮਾਲਵੇ ਵਿਚ ਦੁਰਾਨੀਆਂ ਦੇ ਰਾਜ ਤੇ ਦਬਦਬੇ ਦੀਆਂ ਜੜ੍ਹਾਂ ਪੁਟ ਕੇ ਹੀ ਸਾਹ ਲਿਆ।

ਖਾਲਸਾ ਜੀ ਨੇ ਦੁਰਾਨੀਆਂ ਨਾਲ ਲੜਾਈ

---

* ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫਾਰਮੇਸ਼ਨ ਆਫ਼ ਸਿਖਇਜ਼ਮ—ਪੰਨਾ 141

† ਸ: ਰਤਨ ਸਿੰਘ ਭੰਗੂ — ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 498-502।



www.AKJ.Org

ਸਰਹੰਦ ਦੀ ਜਿਤ ਪਿਛੋਂ ਕੋਈ ਬੰਦ ਨਹੀਂ ਕਰ ਦਿਤੀ। ਸਿਰ ਧੜ ਦੀ ਉਸੇ ਤਰ੍ਹਾਂ ਹੀ ਲਾਈਂ ਕਖੀ। ਇਸ ਤੋਂ ਐਨ ਸਵਾ ਸਾਲ ਪਿਛੋਂ ਲਾਹੌਰ ਨੂੰ ਜਿਤ ਕੇ ਉਸ ਤੇ ਪੱਕਾ ਕਬਜ਼ਾ ਜਮਾ ਲਿਆ ਤੇ ਪੰਜਾਬ ਨੂੰ ਸਦਾ ਲਈ ਦੁਰਾਨੀਆਂ ਦੇ ਪੰਜੇ ਚੋਂ ਆਜ਼ਾਦ ਕਰਾ ਲਿਆ। ਦੁਰਾਨੀਆਂ ਨੂੰ ਘਲੂਘਾਰਾ ਕਿਸ ਭਾਅ ਪਿਆ, ਇਹ ਸਿਰਫ ਅਹਿਮਦ ਸ਼ਾਹ ਅਬ-ਦਾਲੀ ਜਾਂ ਉਸ ਦੀ ਔਲਾਦ ਹੀ ਜਾਣਦੀ ਹੈ। ਕਿਉਂਕਿ ਪੰਜਾਬ ਨੂੰ ਸਦਾ ਲਈ ਅਫ਼ਗਾਨਿਸਤਾਨ ਦਾ ਸੂਬਾ ਬਣਾ ਲੈਣ ਦਾ ਉਨ੍ਹਾਂ ਦਾ ਸੁਪਨਾ ਕਦੀ ਪੂਰਾ ਨਾ ਹੋ ਸਕਿਆ।

## ਸਰਹੰਦ ਸ਼ਹਿਰ ਦੀ ਇੱਟ ਨਾਲ ਇੱਟ ਖੜਕੀ ਤੇ ਉਸ ਤੇ ਖੋਤਿਆਂ ਨਾਲ ਹਲ ਵਗੇ--

ਜ਼ੈਨ ਖ਼ਾਨ ਤੇ ਉਸ ਦੀ ਫੌਜ ਪੂਰੀ ਤਰ੍ਹਾਂ ਤਬਾਹ ਕਰ ਕੇ ਦਲ ਖਾਲਸਾ ਹੁਣ ਸ਼ਹਿਰ ਵਲ ਨੂੰ ਧਾਈ ਕਰ ਕੇ ਆਇਆ। ਸ਼ਹਿਰ ਦੀ ਰਾਖੀ ਵਾਲੀ ਤੇ ਕਿਲ੍ਹੇ ਵਾਲੀ ਫੌਜ ਪਲ ਕੁ ਭਰ ਅੜੀ, ਜੋ ਛੇਤੀ ਹੀ ਤੇਗ ਦੀ ਭੇਟ ਹੋ ਗਈ। ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਕੇ ਕਰੜੇ ਪਹਿਰੇ ਲਾ ਦਿਤੇ ਗਏ ਕਿ ਕੋਈ ਬਾਹਰ ਨਾ ਨਿਕਲ ਸਕੇ। ਇਕ ਇਕ ਘਰ ਵਿਚ ਕਈ ਕਈ ਸਿੰਘਾਂ ਜਾ ਕੇ ਉਸ ਨੂੰ ਪੂਰੀ ਤਰ੍ਹਾਂ ਕਬਜ਼ੇ ਵਿਚ ਲੈ ਕੇ ਸਭ ਨਕਦ ਨਾਵਾਂ, ਸੋਨਾ, ਚਾਂਦੀ, ਜ਼ੇਵਰ, ਕੀਮਤੀ ਕਪੜੇ ਧਰਾ ਲਏ। ਫਰਸ਼, ਨੀਹਾਂ, ਕੰਧਾਂ, ਬਨੇਰੇ, ਛਤਾਂ ਤੇ ਸਿਹਨ ਫੋਲ ਫੋਲ ਕੇ ਮੁਦਤਾਂ ਤੋਂ ਇਕੱਠੇ ਕੀਤੇ ਖਜ਼ਾਨੇ ਕਢਾ ਲਏ। ਬੱਚੇ, ਬੁੱਢੇ ਜ਼ਨਾਨੀਆਂ ਤੇ ਹਿੰਦੂਆਂ ਨੂੰ ਛਡ ਕੇ ਬਾਕੀ ਸਾਰੀ ਆਬਾਦੀ ਇਕ-ਵਢਿਓਂ ਕਤਲ ਕਰ ਦਿਤੀ। ਸਿੰਘਾਂ ਵਲੋਂ ਇਸ ਸ਼ਹਿਰ ਤੇ ਰਹਿਮ ਕਰਨ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਫਿਰ ਸ਼ਹਿਰ ਦੇ ਇਕ ਤਕੜੇ ਹਿੱਸੇ ਨੂੰ ਅੱਗ ਲਾ ਕੇ ਫੂਕ ਕੇ ਸੁਆਹ ਕਰ ਦਿਤਾ। ਸ਼ਹਿਰ ਦਾ ਇਕ ਖਾਸ ਹਿਸਾ ਢਾਹ ਕੇ ਜ਼ਮੀਨ ਦੇ ਬਰਾਬਰ ਕਰ ਦਿਤਾ।*

ਇਸ ਤੋਂ ਪਿਛੋਂ ਵਾਰੀ ਕਿਲ੍ਹੇ ਦੀ ਆਈ, ਜਿਸ ਨੂੰ ਇੱਟ ਇੱਟ ਕਰ ਕੇ ਮਲਬੇ ਦਾ ਢੇਰ ਬਣਾਇਆ ਗਿਆ। ਇਹ ਉਹ ਅਭਾਗੀ ਤੇ ਪਾਪਾਂ ਰੁੰਨ੍ਹੀ ਥਾਂ ਸੀ ਜਿਥੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਿਆ ਗਿਆ ਸੀ, ਤੇ ਫਿਰ ਹਲਾਲ ਕਰ ਕੇ ਕੁਹਣ ਦਾ ਮਹਾਂ ਪਾਪ ਹੋਇਆ ਸੀ। ਇਸ ਸ਼ਹਾਦਤ ਵਾਲੇ ਥਾਂ ਦੀ ਪੂਰੀ ਪੂਰੀ ਤਸਦੀਕ ਕਰ ਕੇ ਯਾਦਗਾਰ ਵਜੋਂ ਇਕ ਚਬੂਤਰਾ ਬਣਾਇਆ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ੌਰਨ ਪਾਠ ਅਰੰਭਿਆ ਗਿਆ। ਇਸ ਤੋਂ ਪਿਛੋਂ ਇਸ ਚਬੂਤਰੇ ਵਾਲੀ ਥਾਂ ਤੇ ਗੁਰਦੁਆਰਾ ਉਸਾਰਿਆ ਗਿਆ ਤੇ ਉਸ ਦਾ ਨਾਉਂ ਫ਼ਤਹਗੜ੍ਹ ਸਾਹਿਬ ਰਖਿਆ ਗਿਆ।†

ਜਿਸ ਵੇਲੇ ਸਰਹੰਦ ਦੀ ਇੱਟ ਇੱਟ ਉਖੇੜੀ ਜਾ ਰਹੀ ਸੀ ਤਾਂ ਕਿਸੇ ਨੇ ਸ਼ਰਧਾ ਭਾਵ ਨਾਲ ਪੰਥ ਦੇ ਸ਼੍ਰੋਮਣੀ ਜਥੇਦਾਰ ਸ: ਜੱਸਾ ਸਿੰਘ ਆਹਲੂ-ਵਾਲੀਏ ਨੂੰ ਕਿਹਾ ਕਿ ਖਾਲਸੇ ਵਿਚ ਚਿਰ ਤੋਂ ਚਲੀ ਆ ਰਹੀ ਇਕ ਰਵਾਇਤ ਪ੍ਰਸਿਧ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ ਕਿ ਸਰਹੰਦ ਦੀ ਇੱਟ ਇੱਟ ਉਖੜ ਜਾਵੇਗੀ ਅਤੇ ਇਸ ਦੇ ਸੀਨੇ ਤੇ ਖੋਤਿਆਂ ਨਾਲ ਹਲ ਵਗਣਗੇ। ਇਹ ਰਵਾਇਤ ਓਦੋਂ ਵੀ ਪ੍ਰਚਲਤ ਸੀ ਤੇ ਅੱਜ ਵੀ

---

* ਡਾ: ਹਰੀ ਰਾਮ ਗੁਪਤਾ — ਹਿਸਟਰੀ ਆਫ਼ ਦੀ ਸਿਖਸ II—ਪੰਨਾ 201-202।

† ਮਸਕੀਨ—ਤਜ਼ਕਰਾ-ਏ-ਤਹਿਮਾਸ ਮਸਕੀਨ ਜਾਂ ਤਹਿਮਾਸ ਨਾਮਾ — ਪੰਨਾ 263; ਚਹਾਰ ਗੁਲਜ਼ਾਰ ਸ਼ੁਜਾਏ 531-ਅ; ਮੇਜਰ ਜੇਮਜ਼ ਬ੍ਰਾਊਨ ਹਿਸਟ੍ਰੀ ਆਫ਼ ਦੀ ਓਰਿਜ਼ਨ ਐਂਡ ਪ੍ਰਾਗ੍ਰੈਸ ਆਫ਼ ਦੀ ਸਿਖਸ ਇਨ ਇੰਡੀਆ ਟ੍ਰੈਕਟਸ II — ਪੰਨਾ 24. ਬਖਤ ਮਲ ਖਾਲਸਾ ਨਾਮਾ — ਪੰਨਾ 100. ਸੋਹਨ ਲਾਲ—ਉਮਦਾਤੁਤ-ਤਵਾਰੀਖ — ਭਾਗ 1. ਪੰਨਾ 161; ਸ: ਰਤਨ ਸਿੰਘ ਭੰਗੂ — ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 499-506; ਮੁਫਤੀ ਅਲੀਉੱਦੀਨ — ਇਬਰਤ ਨਾਮਾ (ਫ਼ਾਰਸੀ) ਪੰਨਾ 126; ਗਿ: ਗਿਆਨ ਸਿੰਘ—ਤਵਾਰੀਖ ਗੁਰੂ ਖਾਲਸਾ, ਪੰਨਾ--841-52।



www.AKJ.Org

ਪ੍ਰਚਲਤ ਹੈ ਕਿ ਹਜ਼ੂਰ ਦੇ ਵਾਕ ਹੋਏ ਸਨ । ਭਾਵੇਂ ਉਸ ਵੇਲੇ ਕੋਈ ਇਤਿਹਾਸਕ ਤੌਰ ਤੇ ਇਸ ਦੀ ਪੱਕੀ ਤਸਦੀਕ ਨਹੀਂ ਸੀ ਕਰ ਸਕਦਾ, ਪਰ ਸਰਦਾਰ ਜੱਸਾ ਸਿੰਘ ਜੀ ਇਕ ਪੱਕੇ ਸ਼ਰਧਾਵਾਨ ਸਿੰਘ ਸਨ ਤੇ ਉਹਨਾਂ ਕਿਹਾ ਕਿ ਜੇ ਸਚਮੁਚ ਹੀ ਗੁਰੂ ਮਹਾਰਾਜ ਨੇ ਇੰਜ ਹੀ ਕਿਸੇ ਵੇਲੇ ਅਰਸ਼ਾਦ ਕੀਤਾ ਸੀ ਤਾਂ ਇਸ ਨੂੰ ਪੂਰਾ ਕਰਨ ਵਿਚ ਭੋਰਾ ਮਾਸਾ ਵੀ ਦੇਰ ਨਹੀਂ ਕਰਨੀ ਚਾਹੀਦੀ। ਇਹ ਅਵਸ਼ ਪੂਰਾ ਹੋਣਾ ਚਾਹੀਦਾ ਹੈ। ਬਸ ਫਿਰ ਝਟਾ ਪਟ ਕਾਫੀ ਖੋਤੇ ਤੇ ਹਲ ਮੰਗਵਾਏ ਗਏ। ਹਲਾਂ ਅੱਗੇ ਖੋਤੇ ਜੋੜ ਕੇ ਸਰਦਾਰ ਜੱਸਾ ਸਿੰਘ ਤੇ ਬਾਕੀ ਮਿਸਲਾਂ ਦੇ ਸਾਰੇ ਸਰਦਾਰਾਂ ਨੇ ਆਪ ਹਲ ਵਾਹ ਕੇ ਖੋਤਿਆਂ ਨਾਲ ਸਰਹੰਦ ਵਿਚ ਹਲ ਫੇਰਨ ਦੀ ਰੀਤ ਨੂੰ ਵੀ ਪੂਰਾ ਕਰ ਦਿਤਾ।‡

ਇੱਟ ਇੱਟ ਉਖੜਨ ਵਾਲੀ ਗੱਲ ਵੀ ਪੂਰੀ ਹੋ ਗਈ। ਬਹੁਤ ਸਾਰਾ ਸ਼ਹਿਰ ਤਾਂ ਪਹਿਲਾਂ ਹੀ ਢਹਿ-ਢੇਰੀ ਹੋ ਗਿਆ ਸੀ। ਕਤਲ ਕਰਨੋਂ ਛਡ ਦਿਤੀ ਗਈ ਆਬਾਦੀ ਵੀ ਜਦ ਕੁਝ ਦੇਰ ਪਿਛੋਂ ਸ਼ਹਿਰ ਛਡ ਕੇ ਉਜੜ ਕੇ ਚਲੀ ਗਈ ਤਾਂ ਉਨ੍ਹਾਂ ਦੇ ਮਕਾਨ ਅਣਸਾਂਭ ਕਾਰਨ ਡਿਗ ਕੇ ਖੋਲਾ ਹੋ ਗਏ। ਉਸ ਵੇਲੇ ਇਹ ਰਿਵਾਜ ਹੀ ਬਣ ਗਿਆ ਸੀ ਕਿ ਸਰਹੰਦ ਵਿਚੋਂ ਦੀ ਲੰਘਣ ਵਾਲਾ ਹਰ ਕੋਈ ਸਿਖ, ਇਕ ਇੱਟ ਚੁਕ ਕੇ ਲੈ ਜਾਂਦਾ। ਸਤਲੁਜ ਵਲ ਨੂੰ ਆਉਣ ਵਾਲਾ ਸਤਲੁਜ ਵਿਚ ਜਾ ਸੁਟਦਾ ਤੇ ਜਮਨਾ ਤਕ ਜਾਂ ਅਗੇ ਜਾਣ ਵਾਲਾ ਜਮਨਾ ਵਿਚ ਸੁਟ ਜਾਂਦਾ। ਨੇੜੇ ਦੇ ਰਾਹੀ ਵੀ ਇੰਜ ਹੀ ਇਟ ਚੁਕ ਖੜਦੇ ਤੇ ਸਰਹੰਦ ਦੀ ਹਦੋਂ ਬਾਹਰ ਜਾ ਕੇ ਵਗਾਹ ਮਾਰਦੇ। ਇਹ ਰਿਵਾਜ ਹੁਣ ਵੀ ਪੁਰਾਣਿਆਂ ਸਿੰਘਾਂ ਵਿਚ ਵੇਖਿਆ ਜਾਂਦਾ ਹੈ। ਕਿਸੇ ਪੁਰਾਣੇ ਖੜੇ ਖੰਡਰ ਵਿਚੋਂ ਤਿੰਨ ਇੱਟਾਂ ਉਖੇੜ ਕੇ ਉਂਜ ਹੀ ਪਰਾਂ ਸੁਟ ਦੇਂਦੇ ਹਨ। ਅਜੇ ਤਕ ਵੀ ਇਹ ਰੀਤ ਜੀਊਂਦੀ ਹੈ। ਇਹ ਸ਼ਹਿਰ ਭਾਈ ਕਿਆਂ ਤੋਂ ਮਹਾਰਾਜਾ ਪਟਿਆਲਾ ਪਾਸ ਆ ਗਿਆ ਸੀ। ਫੇਰ ਅੰਗਰੇਜ਼ ਦਾ ਰਾਜ ਆਇਆ। ੧੮੯੭ ਵਿਚ ਮਹਾਰਾਜਾ ਪਟਿਆਲਾ ਨੇ ਸਰਹੰਦ ਦਾ ਮਲਬਾ ਨਾਰਥ ਵੈਸਟਰਨ ਰੇਲਵੇ ਕੰਪਨੀ ਪਾਸ ਵੇਚ ਦਿਤਾ। ਉਸ ਦਿਆਂ ਠੇਕੇਦਾਰਾਂ ਨੇ ਸਭ ਖੰਡਰਾਂ ਤੇ ਢਠੇ ਮਕਾਨਾਂ ਦੀਆਂ ਨੀਂਹਾਂ ਤਕ ਵੀ ਉਖੇੜ ਕੇ, ਰੇਲ ਦੀ ਬਣ ਰਹੀ ਪਟੜੀ ਹੇਠ ਸਤਲੁਜੋਂ ਪਾਰ ਤਕ ਵਿਛਾ ਦਿਤੀਆਂ। ਕੁਝ ਸਤਲੁਜੋਂ ਪਾਰ ਪਕੀ ਹੋ ਰਹੀ ਸੜਕ ਥੱਲੇ ਵੀ ਵਿਛੀਆਂ। ਇਸ ਤਰ੍ਹਾਂ ਪੁਰਾਣੀ ਸਰਹੰਦੀ ਦੀ ਇੱਟ ਇੱਟ ਉਖੜ ਕੇ ਕੋਹਾਂ ਤਕ, ਸਤਲੁਜੋਂ ਪਾਰ ਤਕ ਵੀ ਜਾ ਪਹੁੰਚੀਆਂ।*

ਮੀਲਾਂ ਵਿਚ ਵਸੀ ਹੋਈ ਪੁਰਾਣੀ ਸਰਹੰਦ ਦੀ ਜੋ ਤਬਾਹੀ ਹੋਈ, ਥੇਹ ਬਣੀਆਂ ਗੜ੍ਹੀਆਂ, ਹਵੇਲੀਆਂ, ਸਰਾਵਾਂ ਤੇ ਰਿਹਾਇਸ਼ੀ ਮਹੱਲ ਆਦਿ ਇਸ ਗੱਲ ਦਾ ਪਰਤੱਖ ਸਬੂਤ ਹਨ ਕਿ ਅਤਿਆਚਾਰਾਂ ਤੇ ਪਾਪਾਂ ਦਾ ਬਦਲਾ ਲੈਣ ਲਈ ਜਦ ਰੱਬ ਦੀ ਡਾਂਗ ਵਰ੍ਹਦੀ ਹੈ ਤਾਂ ਵੱਡੇ ਵੱਡੇ ਕਿਲ੍ਹਿਆਂ, ਆਲੀ-ਸ਼ਾਨ ਮਹਿਲ-ਮੁਨਾਰਿਆਂ, ਸੁੰਦਰ ਬਾਗ-ਬਗੀਚਿਆਂ ਤੇ ਖਿੜੀਆਂ-ਗੁਲਜ਼ਾਰਾਂ ਵਾਲੇ ਮਹਿਕਦੇ ਟਹਿਕਦੇ ਘੁਗ ਵਸਦੇ ਸ਼ਹਿਰਾਂ ਦੀ ਤਬਾਹੀ ਹੋ ਜਾਂਦੀ ਹੈ ਤੇ ਉਹ ਮਲਬੇ ਦੇ ਢੇਰ ਬਣ ਜਾਂਦੇ ਹਨ ਤੇ ਉਤੇ ਖੋਤਿਆਂ ਨਾਲ ਹਲ ਵਗ ਜਾਂਦੇ ਹਨ। (ਚਲਦਾ)

‡ ਸ: ਰਤਨ ਸਿੰਘ ਭੰਗੂ — ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 502;

* ਗਿਆਨੀ ਗਿਆਨ ਸਿੰਘ—ਤਵਾਰੀਖ ਗੁਰੂ ਖਾਲਸਾ ਪੰਨਾ 850; ਹਿਸਟਰੀ ਆਫ਼ ਦੀ ਪੰਜ ਬ—ਹਿਊਗਲ ਭਾਗ 1 —ਪੰਨਾ 221।

# ਧੰਨ ਧੰਨ ਜਗਿ ਆਏ

[ਵਲੋਂ—ਭਾਈ ਦੇਵਾ ਸਿੰਘ ਜੀ 'ਕਿਰਤੀ', ਅੰਮ੍ਰਿਤਸਰ]

ਗੁਰਮੁਖ ਪਰਉਪਕਾਰੀ ਆਵਣ ਹੁਕਮ ਨਾਲ ਕਰਤਾਰ।
ਦੁਖੀਆਂ ਦੇ ਦੁਖ ਦੂਰ ਕਰਨ ਦਾ ਕਰਦੇ ਪਰਉਪਕਾਰ।
ਸਿੰਚ ਸਿੰਚ ਗੁਰਬਾਨੀ ਵਾਲਾ ਅੰਮ੍ਰਿਤ ਖੰਡੇਧਾਰ।
ਤਪਤ ਮਿਟਾਵਣ, ਹਿਰਦੇ ਠਾਰਨ, ਕਰਦੇ ਠੰਢੇ ਠਾਰ।
ਸਦਾ ਪ੍ਰਸੰਨ ਰਹਿਣ, ਬਣ ਦਸਣ ਸੱਚੇ ਸੇਵਾਦਾਰ।
'ਕਿਰਤੀ' ਧੰਨ ਧੰਨ ਉਹ ਆਏ, ਤਾਰਨ ਹਿਤ ਸੰਸਾਰ।



www.AKJ.Org

# ਸੂਹਾ ਰੰਗ ਤੇ ਲਾਲ ਰੰਗ

[ ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ]

ਮਨੋ-ਵਿਗਿਆਨੀਆਂ ਦਾ ਕਿਆਸ ਹੈ ਕਿ ਵਖ ਵਖ ਰੰਗਾਂ ਦਾ ਮਨੁੱਖੀ ਮਨ ਉਤੇ ਵਖਰਾ ਵਖਰਾ ਪ੍ਰਭਾਵ ਪੈਂਦਾ ਹੈ। ਕੁਝ ਰੰਗ ਮਨ ਉਤੇ ਸਾਤਵਿਕ ਪ੍ਰਭਾਵ ਪਾਉਂਦੇ ਹਨ ਤੇ ਇਸ ਦੇ ਉਲਟ ਕੁਝ ਰੰਗ ਮਨ ਨੂੰ ਚੰਚਲ ਕਰਦੇ ਹਨ। ਪਰ ਅਸਲੀਅਤ ਇਹ ਹੈ ਕਿ ਪ੍ਰਭਾਵ ਗ੍ਰਹਿਣ ਕਰਨ ਵਿਚ ਮਨੁੱਖ ਦੀ ਮਨੋਬਿਰਤੀ ਦਾ ਵੀ ਵਡਾ ਹਿੱਸਾ ਹੁੰਦਾ ਹੈ। ਜਿਹੋ ਜਿਹੀ ਕਿਸੇ ਦੀ ਮਨੋ-ਬਿਰਤੀ ਹੁੰਦੀ ਹੈ ਓਹੋ ਜਿਹਾ ਕੋਈ ਰੰਗ ਉਸ ਦੇ ਮਨ ਨੂੰ ਭਾਉਂਦਾ ਹੈ।

ਇਥੇ ਵਿਚਾਰ-ਅਧੀਨ ਦੋ ਰੰਗ ਹਨ : 'ਸੂਹਾ ਰੰਗ' ਅਤੇ 'ਲਾਲ ਰੰਗ'। ਆਮ ਬੋਲ ਚਾਲ ਵਿਚ ਇਨ੍ਹਾਂ ਦੀ ਵਰਤੋਂ ਇਕੋ ਭਾਵ ਪ੍ਰਗਟਾਣ ਲਈ ਕੀਤੀ ਜਾਂਦੀ ਹੈ। ਅਸੀਂ ਆਮ ਸੁਣਦੇ ਹਾਂ, ਇਹ ਰੰਗ'ਲਾਲ ਸੂਹਾ' ਹੈ ਜਾਂ 'ਲਾਲ ਘੁਟ' ਹੈ। ਵਿਚਾਰਨ ਜੋਗ ਤੱਥ ਇਹ ਹੈ ਕਿ ਗੁਰਬਾਣੀ ਵਿਚ ਵਰਤੇ ਗਏ ਦੋ ਸ਼ਬਦ 'ਸੂਹਾ ਰੰਗ' ਅਤੇ 'ਲਾਲ ਰੰਗ' ਕਿਸ ਭਾਵ ਦੇ ਸੂਚਕ ਹਨ।

ਮਹਲੇ ਤੀਜੇ ਦੀ ਸੂਹੀ ਰਾਗ ਦੀ ਵਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਦੋਹਾਂ ਰੰਗਾਂ ਦੀ ਚਰਚਾ ਕਰ ਕੇ ਇਨ੍ਹਾਂ ਦੇ ਸੰਕੇਤਕ ਰਹੱਸ ਨੂੰ ਖੋਲ੍ਹਿਆ ਹੈ। ਸੂਹੇ ਰੰਗ ਬਾਰੇ ਆਪ ਜੀ ਫੁਰਮਾਉਂਦੇ ਹਨ :–

## ਸੂਹਾ ਰੰਗ–

ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ॥
ਇਸੁ ਲਹਦੇ ਬਿਲਮ ਨ ਹੋਵਈ
ਰੰਡ ਬੈਠੀ ਦੂਜੈ ਭਾਇ ॥
ਮੁੰਧ ਇਆਣੀ ਦੁੰਮਣੀ
ਸੂਹੈ ਵੇਸਿ ਲੋਭਾਇ ॥੨॥ (੩)

[ਮ: ੩, ਵਾਰ ਸੂਹੀ, ਪੰਨਾ ੭੮੬

ਸੂਹਾ ਰੰਗੁ ਸੁਪਨੈ ਨਿਸੀ
ਬਿਨੁ ਤਾਗੇ ਗਲਿ ਹਾਰੁ ॥੨॥(੪) (੭੮੬)
ਸੂਹੈ ਵੇਸਿ ਕਾਮਣਿ ਕੁਲਖਣੀ
ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ
ਮਨਮੁਖਿ ਕਰਮ ਖੁਆਰੁ ॥੧॥੪॥

[ਸਲੋਕੁ ਮ: ੩, ਵਾਰ ਸੂਹੀ, ਪੰਨਾ ੭੮੬

ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥
ਪਿਰੁ ਛੋਡਿਆ ਘਰਿ ਆਪਣੈ
ਮੋਹੀ ਦੂਜੈ ਭਾਇ ॥੧॥ (੧)

[ਸਲੋਕ ਮ: ੩, ਵਾਰ ਸੂਹੀ, ਪੰਨਾ ੭੮੫

ਸੂਹਾ ਰੰਗ ਨਿਕੰਮਾ ਹੈ। ਇਸ ਦੀ ਚਮਕ ਦਮਕ ਛਿਨ-ਭੰਗਰ ਹੈ। ਸੂਹਾ ਰੰਗ ਇਸ ਤਰ੍ਹਾਂ ਹੀ ਹੈ ਜਿਵੇਂ ਰਾਤ ਦਾ ਸੁਪਨਾ ਤੇ ਧਾਗੇ ਬਗੈਰ ਹਾਰ ਦਾ ਸੰਕਲਪ। ਰਾਤ ਨੂੰ ਸੁਪਨੇ ਵਿਚ ਪ੍ਰਾਪਤ ਹੋਏ ਪਦਾਰਥਾਂ ਅਤੇ ਐਸ਼ਵਰਜ ਦੀ ਕੋਈ ਅਸਲੀਅਤ ਨਹੀਂ ਹੁੰਦੀ ਤੇ ਏਸੇ ਤਰ੍ਹਾਂ ਧਾਗੇ ਬਗੈਰ ਗਲੇ ਵਿਚ ਹਾਰ ਪਾਉਣ ਦਾ ਸੰਕਲਪ ਵੀ ਨਿਰੀ ਕਪੋਲ-ਕਲਪਨਾ ਹੀ ਹੁੰਦੀ ਹੈ। ਕੰਤ ਰੀਝਾਉਣ ਲਈ ਸੂਹੇ ਵੇਸ ਨੂੰ ਸ਼ਿੰਗਾਰ ਬਣਾਉਣਾ ਫ਼ਜ਼ੂਲ ਹੈ। ਇਹ ਸੂਹਾ ਰੰਗ ਭੈੜੇ ਲਛਣਾਂ ਵਾਲੀਆਂ ਦੁਰਾਚਾਰੀ ਦੁਹਾਗਣਾਂ ਦਾ ਰੰਗ ਹੈ, ਜਿਹੜੀਆਂ ਆਪਣੇ ਨਿਜੀ ਸੁਧ-ਭਤਾਰ ਨੂੰ ਤਿਆਗ ਕੇ ਪਰਾਏ ਪੁਰਸ਼ ਨਾਲ ਪਿਆਰ ਪਾਈ ਰਖਦੀਆਂ ਹਨ। ਸੂਹੇ ਵੇਸ ਦੇ ਕਾਰਨ ਉਹਨਾ ਦਾ ਸੀਲ ਸੰਜਮ ਨਸ਼ਟ ਹੋ ਜਾਂਦਾ ਹੈ ਤੇ ਆਪ-ਹੁਦਰੀਆਂ ਝੂਠੀਆਂ ਛੁੱਟੜਾਂ ਸਦਾ ਖੁਆਰ ਹੁੰਦੀਆਂ ਰਹਿੰਦੀਆਂ ਹਨ। ਪਤੀ-ਪ੍ਰਾਪਤੀ ਦੀਆਂ ਚਾਹਵਾਨ


## ਹਾਂਸ ਕਲਾਂ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਛੇ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਭਾਈ ਪੂਰਨ ਸਿੰਘ ਖ਼ਾਲਸਾ ਦੇ ਗ੍ਰਹਿ ਵਿਖੇ ਦਰਸ਼ਨ ਦੇਵੋ ਜੀ।
ਪ੍ਰਾਰਥਕ—ਮਾਸਟਰ ਉਜਾਗਰ ਸਿੰਘ ਫਰਵਾਲੀ, ਡਾ: ਲੋਹਟਬਦੀ (ਲੁਧਿਆਣਾ)




www.AKJ.Org

ਤੇ ਸੁਹਾਗਣਿ ਬਣਨ ਦੀਆਂ ਰੀਝਵਾਨਾਂ ਲਈ ਸੂਹਾ ਵੇਸ ਬਿਵਰਜਤ ਹੈ । ਸੁਹਾਗਣ ਇਸਤ੍ਰੀ ਦਾ ਲਛਣ ਤਾਂ ਇਹ ਹੈ ਕਿ ਸੱਚ ਨੂੰ ਅੰਦਰ ਧਾਰਨ ਕਰਨ ਦਾ ਸਦਕਾ ਉਹ ਸਦਾ ਪਤੀ-ਪਿਆਰ ਵਿਚ ਲੀਨ ਰਹਿੰਦੀ ਹੈ ਤੇ ਸਦਾ ਸੁਰਖ਼ਰੂ ਰਹਿੰਦੀ ਹੈ ।

ਮੁੰਧੇ ਸੂਹਾ ਪਰਹਰਹੁ ਲਾਲ ਕਰਹੁ ਸੀਗਾਰੁ ॥
ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥
੨।(੫) [ਮ: ੩, ਵਾਰ ਸੂਹੀ, ਪੰਨਾ ੭੮੭

ਸੂਹਵੀਏ ਸੂਹਾ ਵੇਸ ਛਡਿ ਤੂ
ਤਾ ਪਿਰ ਲਗੀ ਪਿਆਰੁ ॥
ਸੂਹੈ ਵੇਸਿ ਪਿਰੁ ਕਿਨੈ ਨ ਪਾਇਓ
ਮਨਮੁਖਿ ਦਝਿ ਮੁਈ ਗਾਵਾਰਿ ॥੧॥(੫)
[ਸਲੋਕ ਮ: ੩, ਵਾਰ ਸੂਹੀ, ਪੰਨਾ ੭੮੭

ਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ :—

"ਨੀ ਸੂਹਾ ਵੇਸ ਧਾਰਨ ਕਰੀ ਬੈਠੀ ਅਲੜ੍ਹ ਕੁੜੀਏ ! ਇਹ ਵੇਸ ਲਾਹ ਸੁਟ ! ਇਸ ਵੇਸ ਵਿਚ ਰਹਿਆਂ ਪਰਾਈ ਝਾਕ ਬਣੀ ਰਹਿਣੀ ਆਂ ਤੇ ਇੰਜ ਆਪਣੇ ਅਸਲੀ (ਸ਼ੁਧ) ਪਤੀ ਨਾਲ ਪਿਆਰ ਨਹੀਂਓਂ ਪੈਣਾ । ਇੰਜ ਤੇਰਾ ਵਸੇਬਾ ਹੋ ਸਕਣਾ ਅਸੰਭਵ ਹੈ । ਸਦਾ ਛੁਟੜ ਤੇ ਦੁਖੀ ਰਹੇਂਗੀ । ਸੁਣ ! ਸੂਹੇ ਵੇਸ ਵਿਚ ਰਹਿਆਂ ਅਜ ਤਕ ਕਿਸੇ ਨੂੰ ਪਤੀ-ਮਿਲਾਪ ਨਹੀਂ ਹੋ ਸਕਿਆ । ਸੋ ਇਸ ਵਿਚ ਪਰਵਿਰਤ ਹੋਣਾ ਨਿਰਾ ਅਨਜਾਣਪੁਣਾ ਤੇ ਵੱਡੀ ਮੂਰਖਤਾ ਹੈ । ਇਸ ਨਾਲ ਸਦਾ ਸਾੜਾ ਤੇ ਪਛਤਾਵਾ ਹੀ ਪਲੇ ਪੈਂਦਾ ਹੈ । ਭਲੀਏ ਲੋਕੇ ! ਜੇ ਤੂੰ ਭਟਕਣਾਂ ਵਿਚੋਂ ਨਿਕਲਣਾ ਚਾਹੁੰਦੀ ਹੈਂ ਤਾਂ ਛਡ ਖਹਿੜਾ ਸੂਹੇ ਰੰਗਾਂ ਦਾ ਤੇ ਲਾਲ ਰੰਗ ਧਾਰਨ ਕਰ ।

## ਲਾਲ ਰੰਗ—

ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਭਤਾਰੁ ॥
ਸੂਹਾ ਵੇਸੁ ਸਭੁ ਉਤਾਰਿ ਧਰੇ
ਗਲਿ ਪਹਿਰੈ ਖਿਮਾ ਸੀਗਾਰੁ ॥੧॥(੪)
[ਸਲੋਕੁ ਮ: ੩, ਵਾਰ ਸੂਹੀ, ਪੰਨਾ ੭੮੬

ਸਤਿਗੁਰਿ ਮਿਲਿਐ ਸੂਹਾ ਵੇਸ ਗਇਆ
ਹਉਮੈ ਵਿਚਹੁ ਮਾਰਿ ॥
ਮਨੁ ਤਨੁ ਰਤਾ ਲਾਲੁ ਹੋਆ
ਰਸਨਾ ਰਤੀ ਗੁਣ ਸਾਰਿ ॥
ਸਦੀ ਸੋਹਾਗਣਿ ਸਬਦੁ ਮਨਿ
ਭੈ ਭਾਇ ਕਰੇ ਸੀਗਾਰੁ ॥
[ਸਲੋਕੁ ਮ: ੩, ਵਾਰ ਸੂਹੀ, ਪੰਨਾ ੭੮੬

ਸਬਦਿ ਸਚੈ ਰੰਗੁ ਲਾਲ ਕਰਿ
ਭੈ ਭਾਇ ਸੀਗਾਰੁ ਬਣਾਇ ॥
ਨਾਨਕ ਸਦਾ ਸੋਹਾਗਣੀ
ਜਿ ਚਲਨਿ ਸਤਿਗੁਰ ਭਾਇ ॥੨॥(੩)
[ਮ: ੩, ਵਾਰ ਸੂਹੀ, ਪੰਨਾ ੭੮੬

ਲਾਲ ਰੰਗ ਪੱਕਾ ਹੈ ਤੇ ਸਦਾ ਲਹਿ ਲਹਿ ਕਰਦਾ ਰਹਿੰਦਾ ਹੈ । ਪਹਿਰਾਵਾ ਭਾਵੇਂ ਪਾਟ ਕੇ ਲੀਰੋ ਲੀਰ ਹੋ ਜਾਏ, ਇਹ ਰੰਗ ਨਹੀਂ ਉਤਰਦਾ । ਪਰ ਇਹ ਰੰਗ ਆਪਣੇ ਆਪ ਨਹੀਂ ਚੜ੍ਹਦਾ । ਜਿਸ ਜੀਵ-ਇਸਤ੍ਰੀ ਨੂੰ ਵਡੇ ਭਾਗਾਂ ਨਾਲ ਸਤਿਗੁਰੂ ਮਿਲ ਪਵੇ, ਉਸ ਦਾ ਸੂਹਾ ਵੇਸ ਸੁਤੇ ਹੀ ਛੁਟ ਜਾਂਦਾ ਹੈ ਤੇ ਉਸ ਨੂੰ ਪਹਿਰਾਵੇ ਲਈ ਲਾਲ ਚੋਲਨਾ ਮਿਲ ਜਾਂਦਾ ਹੈ । ਉਸ ਦਾ ਮਨ ਤਨ ਗੂੜ੍ਹੇ ਲਾਲ ਰੰਗ ਵਿਚ ਰੰਗਿਆ ਜਾਂਦਾ ਹੈ । ਉਸ ਦੀ ਰਸਨਾ ਪ੍ਰਭੂ-ਕੰਤ ਦੀ ਸਿਫਤ-ਸਲਾਹ ਵਿਚ ਰੰਗੀ ਜਾਂਦੀ ਹੈ । ਉਸ ਦੇ ਮਨ ਵਿਚ ਸ਼ਬਦ-ਦੀਪਕ ਜਗ ਉਠਦਾ ਹੈ, ਜਿਸ ਦੀ ਬਰਕਤ ਨਾਲ ਅੰਦਰੋਂ ਹਨੇਰਾ ਸਫ ਵਲ੍ਹੇਟ ਜਾਂਦਾ ਹੈ ਤੇ ਉਸ ਵਿਚੋਂ ਹਉਮੈ ਦੀ ਸੜਾਂਦ ਨਿਕਲ ਜਾਂਦੀ ਹੈ ਤੇ ਉਹ 'ਭਉ' (ਅਦਬ) ਅਤੇ 'ਭਾਉ' (ਪ੍ਰੇਮ) ਦੇ ਗਹਿਣਿਆਂ ਨਾਲ ਸ਼ਿੰਗਾਰੀ ਜਾਂਦੀ ਹੈ । ਉਹ ਗਲ ਵਿਚ ਖਿਮਾ ਦਾ ਹਾਰ ਪਾ ਕੇ ਸਸ਼ੋਭਤ ਹੋ ਜਾਂਦੀ ਹੈ । ਉਸ ਵਡਭਾਗਣ ਜੀਵ-ਇਸਤ੍ਰੀ ਨੂੰ ਮਨ-ਭਾਉਂਦਾ ਸਦ-ਅਬਿਨਾਸ਼ੀ ਨਵਲ-ਨਵੇਲ ਪ੍ਰਭੂ-ਕੰਤ ਪ੍ਰਾਪਤ ਹੋ ਜਾਂਦਾ ਹੈ ਤੇ ਉਹ ਸਦਾ ਸੁਹਾਗਣ ਬਣ ਜਾਂਦੀ ਹੈ ।

## ਨਿਰਣਾ:—

ਇਸ ਸੂਹੇ ਤੇ ਲਾਲ ਰੰਗ ਦੇ ਰਹੱਸ ਨੂੰ ਵਧੇਰੇ



www.AKJ.Org

ਸਪੱਸ਼ਟ ਕਰਦਿਆਂ ਹੋਇਆਂ ਆਪਜੀ ਫੁਰਮਾਉਂਦੇਹਨ।

ਸੂਹਵੀਏ ਸੂਹਾ ਸਭੁ ਸੰਸਾਰੁ ਹੈ
ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ
ਜਿਉ ਟਿਕੈ ਨ ਬਿਰਖ ਕੀ ਛਾਉ ॥
ਗੁਰਮੁਖਿ ਲਾਲੋ ਲਾਲ ਹੈ
ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ
ਮਨਿ ਵਸਿਆ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ
ਜਿਤੁ ਮਿਲਿਐ ਹਰਿ ਗੁਣ ਗਾਉ ॥੧॥(੩)
[ਸਲੋਕ ਮ: ੩, ਸੂਹੀ ਕੀ ਵਾਰ, ੭੮੬

ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥
ਨਾਨਕ ਪ੍ਰੇਮ ਮਹਾ ਰਸੀ
ਸਭਿ ਬੁਰਿਆਈਆ ਛਾਰੁ ॥੨॥(੪)
[ਮ: ੧, ਪੰਨਾ ੭੮੬

ਗੁਰੂ ਉਪਦੇਸ਼ਾਂ ਦੀ ਉਪਰੋਕਤ ਸੰਖੇਪ ਵਿਚਾਰ ਤੋਂ ਸੇਧ ਇਹ ਮਿਲਦੀ ਹੈ ਕਿ 'ਸੂਹਾ ਰੰਗ' ਕਸੁੰਭੜੇ ਦੇ ਰੰਗ ਦਾ ਸੂਚਕ ਹੈ ਅਤੇ 'ਲਾਲ ਰੰਗ' ਮਜੀਠ ਦੇ ਰੰਗ ਦਾ। ਅਧਿਆਤਮਕ ਸ਼ਬਦਾਵਲੀ ਵਿਚ ਇਹਨਾਂ ਦੋਹਾਂ ਰੰਗਾਂ ਦੀ ਰਹੱਸਵਾਦੀ ਵਰਤੋਂ ਮਿਲਦੀ ਹੈ। ਇਹ ਦੋਵੇਂ ਰੰਗ ਮਨੁੱਖੀ ਜੀਵਨ-ਢੰਗ ਵਲ ਸੰਕੇਤ ਕਰਦੇ ਹਨ। ਪਰਸਪਰ ਵਿਰੋਧੀ ਦੋਹਾਂ ਜੀਵਨ-ਢੰਗਾਂ ਬਾਰੇ ਗੁਰੂ-ਵਾਕਾਂ ਦੀ ਰੌਸ਼ਨੀ ਵਿਚੋਂ ਪ੍ਰਾਪਤ ਹੋਇਆ ਵੇਰਵਾ ਇਸ ਪ੍ਰਕਾਰ ਹੈ :—

| ਸੂਹਾ ਰੰਗ— | ਲਾਲ ਰੰਗ :— |
|---|---|
| ਕਸੁੰਭੜੇ ਦਾ ਰੰਗ— | ਮਜੀਠ ਦਾ ਰੰਗ— |
| ਖਿਨਭੰਗਰ, ਸੁਪਨੈ ਨਿਸੀ, | ਸਚੜਾਉ, ਲਾਲੋ ਲਾਲ। |
| ਬਿਨੁ ਤਾਗੇ ਹਾਰੁ, | |
| ਬਿਰਖ ਕੀ ਛਾਉਂ। | |
| 'ਪਰ ਪੁਰਖ ਧਰੇ 'ਪਿਆਰੁ | 'ਖਸਮੈ ਮਾਹਿ ਸਮਾਇ' |
| 'ਪਰ ਪਿਰੁ ਰਾਵਣ ਜਾਇ' | 'ਤਨੁ ਮਨੁ ਸਉਪੇ ਕੰਤ ਕਉ |
| 'ਦੂਜੈ ਭਾਇ'। | 'ਏਕੈ ਭਾਇ'। |
| 'ਕੁਲੱਖਣੀ, ਕੁਨਾਰਿ, | ਸੁਹਾਵੀ, ਸੋਹਣੀ, |
| ਦੁਹਾਗਣੀ। | ਸੁਹਾਗਣੀ। |
| 'ਸੀਲੁ ਨ ਸੰਜਮੁ | 'ਰਸਨਾ ਰਤੀ ਗੁਣ ਸਾਰਿ' |
| ਸਦਾ ਝੂਠ ਬੋਲੈ' | 'ਅੰਦਰਿਸਚੁ ਮੁਖੁ ਉਜਲਾ' |
| | ਮਨਿਵਸਿਆਅੰਮ੍ਰਿਤਨਾਉ |
| ਹਉਮੈ | ਖਿਮਾ-ਸ਼ਿੰਗਾਰ |
| ਵਿਕਾਰ, ਖੁਆਰ | 'ਸਭਿ ਬੁਰਿਆਈਆ ਛਾਰੁ' |

[ਪੁਸਤਕ "ਜੀਵਨ ਕਥਾ ਸ੍ਰੀ ਗੁਰੂ ਅਮਰਦਾਸ ਜੀ"

---



## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿਠੀਆਂ (ਨਵੇਂ ਰੂਪ ਵਿਚ) | ੧੨-੫੦ | ਰੰਗਲੇ ਸਜਣ | ੪-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ (,,) | ੫-੫੦ | ਗੁਰਮਤਿ ਬਿਬੇਕ ੭-੫੦ ਗੁਰਮਤਿ ਸੱਚ ਨਿਰਣੇ | ੬-੦੦ |
| ਗੁਰਮਤਿ ਵਿਚਾਰ (,,) | ੫-੫੦ | ਝਟਕਾ ਮਾਸ ਪ੍ਰਥਾਇ ਨਿਰਣੇ | ੩-੦੦ |
| ਗੁਰਮਤਿ ਲੇਖ (,,) | ੫-੫੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਮਤਿ ਪ੍ਰਕਾਸ਼ (,,) | ੩-੭੫ | ਉਮਰ ਕੈਦੀ ਦਾ ਸੁਪਨਾ | ੦-੪੦ |
| ਅਣਡਿਠੀ ਦੁਨੀਆ | ੬-੨੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ |
| ਸਬਦੁ ਗੁਰ ਪੀਰਾ | ੦-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਗਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ | ਅੰਮ੍ਰਿਤ ਕੀ ਹੈ—— ਅੰਮ੍ਰਿਤ ਕਲਾ | ੦-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਸਿੰਘਾਂ ਦਾ ਪੰਥ ਨਿਰਾਲਾ | ੦-੫੦ |
| ਗੁਰਬਾਣੀ ਦੀ ਪਾਰਸ-ਕਲਾ | ੦-੪੦ | ਸੱਚੀਆਂ ਦਾੜ੍ਹੀਆਂ ੦-੩੦ ਵਾਹਿਗੁਰੂ ਸਿਮਰਨ | ੦-੩੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | ੧-੦੦ | ਸਚਖੰਡ ਦਰਸ਼ਨ ੧-੫੦ ਗੁਰਮਤਿ ਰਮਜ਼ਾਂ | ੧-੩੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ |





www.AKJ.Org

# ਪਾਠ-ਬੋਧ ਸਮਾਗਮ

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਸ੍ਰ: ਗੁ: ਪ੍ਰ: ਕਮੇਟੀ ਦੇ ਸਹਿਯੋਗ ਨਾਲ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮਿਤੀ ੨੩-੮-੭੯ ਤੋਂ ਲੈ ਕੇ ੧੫-੯-੭੯ ਤਕ ਪਾਠ ਬੋਧ ਸਮਾਗਮ ਕੀਤਾ ਗਿਆ। ਇਸ ਸਮਾਗਮ ਦਾ ਮੁਖ ਮੰਤਵ ਇਹ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਨਿਯਮਾਵਲੀ ਨੂੰ ਸਮਝ ਕੇ ਗੁਰਬਾਣੀ ਦੇ ਸ਼ੁਧ ਪਾਠ ਦੀ ਪ੍ਰਥਾ ਨੂੰ ਉਜਾਗਰ ਕੀਤਾ ਜਾਵੇ। ਪੰਥਕ ਪੱਧਰ ਤੇ ਰਖਿਆ ਗਿਆ ਇਹ ਸਮਾਗਮ ਆਪਣੇ ਆਪ ਵਿਚ ਵਿਲੱਖਣ ਸੀ, ਜਿਸ ਨੂੰ ਇਤਿਹਾਸਕ ਮਹੱਤਤਾ ਪ੍ਰਾਪਤ ਹੈ।

ਇਸ ਸਮਾਗਮ ਵਿਚ ਭਾਰਤ ਦੇ ਵਖ ਵਖ ਪ੍ਰਾਂਤਾਂ ਵਿਚੋਂ ਲਗ ਪਗ ੧੫੦ ਦੇ ਕਰੀਬ ਗੁਰ-ਸਿਖਾਂ ਨੇ ਭਾਗ ਲਿਆ, ਜਿਨ੍ਹਾਂ ਵਿਚ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ, ਗੁਰਬਾਣੀ ਦੇ ਘਰਬਾਰੀ ਰਸੀਏ, ਵਿਦਿਅਕ ਸੰਸਥਾਵਾਂ ਦੇ ਮੁਖੀ ਸਿਖ ਸਕਾਲਰ ਆਦਿ ਸ਼ਾਮਲ ਹੋਏ। ਸਮਾਗਮ ਜਿਸ ਉਤਸ਼ਾਹ ਤੇ ਸ਼ਾਨ ਨਾਲ ਅਰੰਭ ਹੋਇਆ ਉਹ ਅਗਲੇ ਦਿਨਾਂ ਵਿਚ ਵਧ ਤੋਂ ਵਧੇਰੇ ਹੁੰਦਾ ਗਿਆ।

ਸਮਾਗਮ ਵਿਚ ਤਿੰਨ ਹਫਤਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਪਾਠ ਆਦਿ ਤੋਂ ਅੰਤ ਤਕ ਬੜੇ ਸਹਿਜ ਵਿਚ ਪ੍ਰੇਮ ਨਾਲ ਕੀਤਾ ਗਿਆ।

ਸਮਾਗਮ ਦੀਆਂ ਹਰ ਰੋਜ਼ ਦਿਨ ਵਿਚ ਦੋ ਬੈਠਕਾਂ ਹੁੰਦੀਆਂ ਰਹੀਆਂ : ਪਹਿਲੀ ਸਵੇਰੇ ੭-੩੦ ਤੋਂ ੧੨ ਵਜੇ ਦੁਪਹਿਰ ਤਕ ਅਤੇ ਦੂਜੀ ਸ਼ਾਮ ੩-੩੦ ਤੋਂ ਲੈ ਕੇ ੮ ਵਜੇ ਤਕ। ਹਰੇਕ ਬੈਠਕ ਦਾ ਅਰੰਭ ਗੁਰਬਾਣੀ ਦੇ ਕੀਰਤਨ ਅਤੇ ਗੁਰਮੰਤਰ ਦੀ ਰਾਗਾਤਮਕ ਧੁੰਨੀ ਨਾਲ ਹੁੰਦਾ ਰਿਹਾ। ਉਸ ਤੋਂ ਮਗਰੋਂ ਦੋ ਘੰਟਿਆਂ ਵਿਚ ੪੦ ਕੁ ਪੰਨੇ ਪਾਠ ਸਵੇਰੇ ਅਤੇ ੪੦ ਕੁ ਪੰਨੇ ਸ਼ਾਮ ਨੂੰ ਪਾਠ ਕੀਤਾ ਜਾਂਦਾ। ਉਸ ਤੋਂ ਉਪ੍ਰੰਤ ਪਾਠ ਵਿਚ ਆਏ ਸ਼ਬਦ-ਜੋੜਾਂ ਦੇ ਭੇਦਾਂ, ਬਿਸ੍ਰਾਮ-ਚਿੰਨ੍ਹਾਂ, ਸ਼ਬਦਾਂ ਤੇ ਦ੍ਰੁਤ-ਉਚਾਰਨਾ ਅਤੇ ਨਾਸਕੀ (ਬਿੰਦੀ-ਸਹਿਤ) ਉਚਾਰਨ ਵਾਲੇ ਸ਼ਬਦਾਂ ਸੰਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ। ਉਸ ਤੋਂ ਉਪ੍ਰੰਤ ਹਰ ਕਿਸੇ ਨੂੰ ਸਮਾਂ ਦਿਤਾ ਜਾਂਦਾ ਕਿ ਉਹ ਉਸ ਬੈਠਕ ਦੇ ਸਮੇਂ ਵਿਚ ਆਏ ਪਾਠ ਵਿਚ ਕੀਤੇ ਗਏ ਅਸ਼ੁਧ ਉਚਾਰਨਾਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰ ਸਕੇ।

ਸਾਰਾ ਪਾਠ ਵਖਰੀਆਂ ਟੇਪ-ਰੀਲਾਂ ਉਤੇ ਅਤੇ ਸੰਬੰਧਤ ਸਮੁਚੀਆਂ ਵਿਚਾਰਾਂ ਵਖਰੀਆਂ ਰੀਲਾਂ ਉਤੇ ਰੀਕਾਰਡ ਕੀਤਾ ਗਿਆ। ਇਹਨਾਂ ਵਿਚਾਰ-ਗੋਸ਼ਟੀਆਂ ਵਿਚ ਪ੍ਰਗਟਾਏ ਗਏ ਨੁਕਤਿਆਂ ਨੂੰ ਇਕੱਤਰ ਕਰ ਕੇ ਅਗਲੇ ਸਮਾਗਮ ਵਿਚ ਵਿਦਵਾਨਾਂ ਸਾਹਮਣੇ ਰਖਿਆ ਜਾਵੇਗਾ ਅਤੇ ਭਲੀ ਪ੍ਰਕਾਰ ਘੋਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦੀ ਰੌਸ਼ਨੀ ਵਿਚ ਪੰਥਕ ਪੱਧਰ ਤੇ ਨਿਰਣੇ ਲਏ ਜਾਣਗੇ।

ਵਖ ਵਖ ਧਰਮਾਂ ਦੇ ਅਨੁਆਈਆਂ ਨੇ ਆਪੋ ਆਪਣੇ ਧਰਮ ਗ੍ਰੰਥਾਂ ਵਿਚ ਅੰਕਤ ਪ੍ਰਵਚਨਾਂ ਦੇ ਉਚਾਰਨ ਅਤੇ ਅਰਥ-ਬੋਧ ਸਬੰਧੀ ਬੜੇ ਨਿਗਰ ਉਪਰਾਲੇ ਕੀਤੇ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਠਨ-ਪਾਠਨ ਸੰਬੰਧੀ ਪੰਥਕ ਤੌਰ ਤੇ ਏਡੇ ਵਡੇ ਪਧਰ ਤੇ ਇਹ ਪਹਿਲੀ ਵਾਰੀ ਯਤਨ ਕੀਤਾ ਗਿਆ ਹੈ। ਸਤਿਗੁਰਾਂ ਦੀ ਮੇਹਰ ਸਦਕਾ ਇਕ ਮਹਾਨ ਤੇ ਨਿਗਰ ਕਾਰਜ ਦਾ ਮੁਢਲਾ ਜਤਨ ਅਰੰਭ ਕੀਤਾ ਗਿਆ, ਜੋ ਗੁਰੂ ਕਿਰਪਾ ਦੁਆਰਾ ਬਹੁਤ ਸਫਲ ਰਿਹਾ ਤੇ ਚੜ੍ਹਦੀਆਂ ਕਲਾਂ ਵਿਚ ਨਿਭਿਆ। ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਇਹ ਕਾਰਜ ਅਗਲੇ ਸਮੇਂ ਵਿਚ ਪਿਆਰ ਤੇ ਲਗਨ ਨਾਲ ਹੁੰਦਾ ਰਵ੍ਹੇ ਅਤੇ ਗੁਰਬਾਣੀ ਦੇ ਕਲਿਆਣਕਾਰੀ ਗਿਆਨ ਦਾ ਸੰਸਾਰ ਉਤੇ ਪਰਸਾਰ ਹੋਵੇ।



www.AKJ.Org

# ਯੂ. ਕੇ. ਵਿਚ ਕਿਰਪਾਨ-ਮੋਰਚਾ ਫਤਹ

ਅੰਮ੍ਰਿਤਧਾਰੀ ਸਿੰਘਾਂ ਨੂੰ ਗਾਤਰੇ ਕਿਰਪਾਨ ਪਹਿਨ ਕੇ ਹਵਾਈ ਸਫਰ ਕਰਨ ਵਿਚ ਕਾਫ਼ੀ ਔਕੜਾਂ ਪੇਸ਼ ਆ ਰਹੀਆਂ ਹਨ। ਕਈ ਹਵਾਈ ਅਡਿਆਂ ਤੇ ਸਿੰਘਾਂ ਨੂੰ ਕਿਰਪਾਨ ਉਤਾਰਨ ਲਈ ਬਹੁਤ ਤੰਗ ਕੀਤਾ ਜਾ ਰਿਹਾ ਹੈ, ਜਿਹਾ ਕਿ ਭਾਰਤ ਵਿਚ ਸਿੱਘਾਂ ਨੂੰ ਨਾਜਾਇਜ਼ ਤੰਗ ਕੀਤਾ ਜਾਂਦਾ ਹੈ।

ਐਸ ਵੇਲੇ ਯੂ. ਕੇ. ਵਿਚ ਅੰਮ੍ਰਿਤਧਾਰੀ ਸਿੰਘਾਂ ਦੀ ਕਾਫ਼ੀ ਗਿਣਤੀ ਹੈ ਤੇ ਉਨ੍ਹਾਂ ਨੇ ਗਾਤਰੇ ਕਿਰਪਾਨ ਰਖਣ ਲਈ ਕਾਫ਼ੀ ਸੰਘਰਸ਼ ਕੀਤਾ ਤੇ ਆਪਣੀ ਸਰਕਾਰ ਨੂੰ ਦਲੀਲਾਂ ਦੇ ਕੇ ਕਾਇਲ ਕਰ ਲਿਆ ਕਿ ਅੰਮ੍ਰਿਤਧਾਰੀ ਸਿੰਘਾਂ ਲਈ ਹਰ ਸਮੇਂ ਗਾਤਰੇ ਕਿਰਪਾਨ ਰਖਣੀ ਅਤਿ ਜ਼ਰੂਰੀ ਹੈ ਅਤੇ ਇਹ ਇਨ੍ਹਾਂ ਦਾ ਧਾਰਮਿਕ ਹੱਕ ਹੈ।

ਸਿਖ ਜਗਤ ਵਿਚ ਇਹ ਖਬਰ ਬੜੀ ਖੁਸ਼ੀ ਨਾਲ ਸੁਣੀ ਜਾਏਗੀ ਕਿ ੨੦-੮-੭੯ ਨੂੰ ਡਡਲੀ ਦੇ ਸਿੰਘਾਂ ਦਾ ਇਕ ਵਫ਼ਦ ਭਾਈ ਰਣਜੀਤ ਸਿੰਘ ਦੀ ਅਗਵਾਈ ਹੇਠ ਯੂ. ਕੇ. ਸਰਕਾਰ ਦੇ ਬੋਰਡ ਆਫ਼ ਟਰੇਡ ਲੰਡਨ ਨੂੰ (ਉਨ੍ਹਾਂ ਦੇ ਸੱਦੇ ਤੇ) ਜਾ ਕੇ ਮਿਲਿਆ। ਇਸ ਵਫ਼ਦ ਵਿਚ ਭਾਈ ਰਾਜਿੰਦਰ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਯੂ. ਕੇ., ਬੀਬੀ ਬਲਬੀਰ ਕੌਰ ਜੀ, ਭਾਈ ਰਣਜੀਤ ਸਿੰਘ ਜੀ ਜਥੇਦਾਰ ਅਕਾਲੀ ਦਲ ਡਡਲੀ ਯੂਨਿਟ ਅਤੇ ਭਾਈ ਤਰਸੇਮ ਸਿੰਘ ਜੀ ਸ਼ਾਮਲ ਸਨ। ਭਾਈ ਰਣਜੀਤ ਸਿੰਘ ਜੀ ਨੇ ਬੋਰਡ ਨੂੰ ਦਲੀਲਾਂ ਦੇ ਕੇ ਕਾਇਲ ਕਰ ਦਿਤਾ ਕਿ ਅੰਮ੍ਰਿਤਧਾਰੀ ਸਿੰਘਾਂ ਲਈ ਕੰਘੇ ਨਾਲ ਸ਼ਾਮਲ ਛੋਟੀ ਜਿਹੀ ਕਿਰਪਾਨ ਕੋਈ ਅਰਥ ਨਹੀਂ ਰਖਦੀ, ਜਦ ਕਿ ਗੁਰ-ਹੁਕਮਾਂ ਅਨੁਸਾਰ ਗਾਤਰੇ ਦੀ ਕਿਰਪਾਨ ਹਰ ਸਮੇਂ ਪਹਿਨੀ ਰਖਣਾ ਜ਼ਰੂਰੀ ਹੈ ਅਤੇ ਥੋਹੜੇ ਜਿਹੇ ਸਮੇਂ ਲਈ ਵੀ ਸਰੀਰ ਤੋਂ ਵਖ ਨਹੀਂ ਕੀਤੀ ਜਾ ਸਕਦੀ। ਇਸ ਲਈ ਸਫ਼ਰ ਸਮੇਂ ਸਿੰਘਾਂ ਨੂੰ ਹਵਾਈ ਅੱਡਿਆਂ ਤੇ ਕਿਰਪਾਨ ਉਤਾਰਨ ਲਈ ਮਜਬੂਤ ਕਰਨਾ, ਸਿਖਾਂ ਨਾਲ ਧਾਰਮਿਕ ਧੱਕਾ ਹੈ।

ਇਨ੍ਹਾਂ ਸਿੰਘਾਂ ਦੇ ਪ੍ਰਭਾਵ-ਸ਼ਾਲੀ ਜਾਹੋ-ਜਲਾਲ ਅਤੇ ਅ-ਕੱਟ ਦਲੀਲਾਂ ਤੋਂ ਸਾਰਾ ਬੋਰਡ ਪ੍ਰਭਾਵਤ ਹੋਇਆ ਅਤੇ ਯੂ. ਕੇ. ਦੇ ਸਾਰੇ ਹਵਾਈ ਅਡਿਆਂ ਨੂੰ ਹਵਾਈ ਸਫਰ ਕਰਨ ਸਮੇਂ ਅੰਮ੍ਰਿਤਧਾਰੀ ਸਿੰਘਾਂ ਦੀ ਕਿਰਪਾਨ ਨਾ ਉਤਾਰੇ ਜਾਣ ਦਾ ਹੁਕਮ ਜਾਰੀ ਕਰ ਦਿਤਾ। ਇਸ ਸੂਚਨਾ ਦੀ ਜੋ ਲਿਖਤੀ ਚਿਠੀ ਭਾਈ ਰਣਜੀਤ ਸਿੰਘ ਜੀ ਦੇ ਨਾਂ ਭੇਜੀ ਗਈ ਉਸ ਦੀ ਹੂ-ਬਹੂ ਕਾਪੀ ਹੇਠ ਦਿਤੀ ਜਾਂਦੀ ਹੈ।

ਇਹ ਖੁਸ਼ਖ਼ਬਰੀ ਉਥੋਂ ਦੀ ਇਕ ਅੰਗਰੇਜ਼ੀ ਅਖ਼ਬਾਰ ਨੇ ਵਫ਼ਦ ਦੇ ਮੈਂਬਰਾਂ ਦੀ ਤਸਵੀਰ ਸਮੇਤ 'ਸਿਖਾਂ ਦੀ ਕਿਰਪਾਨ ਸੰਬੰਧੀ ਫ਼ਤਹ'' ਦੇ ਮੋਟੇ ਹੈਡਿੰਗ ਛਾਪੀ ਹੈ। ਉਹ ਖ਼ਬਰ ਵੀ ਇੰਨ ਬਿੰਨ ਹੇਠਾਂ ਛਾਪੀ ਜਾ ਰਹੀ ਹੈ। ਅਖ਼ਬਾਰ ਦੀ ਇਸ ਫ਼ੋਟੋ ਤੋਂ ਬਲਾਕ ਨਾ ਬਣ ਸਕਣ ਕਾਰਨ ਅਸੀਂ 'ਸੂਰਾ' ਪੱਤਰ ਵਿਚ ਐਤਕੀਂ ਨਹੀਂ ਛਾਪ ਸਕੇ। ਫ਼ੋਟੋ ਬੜੀ ਪ੍ਰਭਾਵਸ਼ਾਲੀ ਹੈ।

[ਅੰਗਰੇਜ਼ੀ ਵਿਚ ਸਰਕਾਰੀ ਚਿਠੀ ਤੇ ਅਖਬਾਰ ਦੀ ਖ਼ਬਰ ਅਗਲੇ ਸਫ਼ੇ ਤੇ ਪੜ੍ਹੋ

# ਪਿੰਡ ਭੁਲਰ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਬੀਬੀ ਸੁਰਿੰਦਰ ਕੌਰ ਯੂ. ਕੇ. ਵਾਲੇ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਪਿੰਡ ਭੁਲਰ ਡਾਕਖਾਨਾ ਬਿਲਗਾ ਜ਼ਿਲਾ ਜਲੰਧਰ ਵਿਖੇ ੨੭ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ (ਗੁਰਦਵਾਰਾ ਸਾਹਿਬ ਵਿਖੇ) ਹੋਣਗੇ। ਸਮੂਹ ਕੀਰਤਨੀ ਵੀਰ ਭੈਣਾਂ ਤੇ ਗੁਰਸਿਖ ਸੰਗਤਾਂ ਦਰਸ਼ਨ ਦੇ ਕੇ ਨਿਵਾਜਣ ਤਾਕਿ ਗੁਰੂ ਚਰਨਾਂ ਵਿਚ ਜੁੜ ਕੇ ਵਧ ਤੋਂ ਵਧ ਲਾਭ ਪ੍ਰਾਪਤ ਕੀਤੇ ਜਾ ਸਕਣ।



www.AKJ.Org

ਮੋਹਰ
ਸਿਗਨੀਆ

**DEPARTMENT OF TRADE**
1 Victoria Street, London SW1H OET
Telex 8811074/5 DTHQ G    Telephone Direct Line 01-215 3832
Telegrams Advantage London SW1    Switchboard 01-215 7877

Mr. Ranjit Singh,
President, Shromani Akali Dal UK,
12, Molyneux Road, Metherton, Dudley, Warwicks

Your reference
Our reference AC/29/01
Date 22nd August, 1979

Dear Mr. Ranjit Singh,

As a result of representations made to the Department of Trade by yourself, I am pleased to be able to inform you that the Department has issued advice to all airport authorities and to all airlines in the United Kingdom to the effect that the carriage of the small Ghatra Kirpan by members of the Amrit Dhari Singh faith is acceptable on aircraft flying from UK airports and that such items should not be removed during personal search before flight.

In this the Department has been much influenced by the arguments you have put before us and by the obviously deep religious feelings which the removal of the Kirpan evokes.

The Department trusts that, in the interests of good community relations as well as in the interests of aviation security, you will do your utmost to ensure that all Amrit Dhari Singh Sikhs are aware of this advice and will do all in their power to see that it is carefully followed.

I am grateful to you, Mr. Ranjit Singh, for the co-operation and assistance you have afforded me in this matter which I am pleased to see so amicably settled.

Yours faithfully,
H. R. Farmery
Principal Aviation Security Adviser

# Sikhs' victory in plea over dagger

A Dudley Sikh campaigner has won a major victory for his religion. The problem was over the kirpan—a small dagger sacred to Sikhs as a religious symbol. But they ran the risk of falling foul of airport police if they tried to take the weapon on board planes.

Ranjit Singh, president of Dudley Sikhs, led the British campaign. He met the Department of Trade security advisor.

The department has said that all airlines in Britain are to be told that the carrying of a kirpan on aircraft is acceptable from UK airports.

The department has also said that kirpans should not be removed during personal searches before flights.

"This is a victory of great importance to Sikhs," said Ranjit Singh, of Molineux Road, Dudley. His campaign included contacts with political and religious leaders in the Punjab.

He also campaigned successfully for Sikhs in the battle against the compulsory crash helmet law.



www.AKJ.Org

# ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ

## ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ ਪ੍ਰਥਾਇ ਸ਼ਰਧਾ ਦੇ ਫੁਲ

[ਵਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲੰਬ, ਗੁੜਗਾਉਂ]

ਧੰਨ ਧੰਨ 'ਬਾਊ ਮਲ ਸਿੰਘ', ਸਤਿਗੁਰ ਨੂੰ ਭਾਂਦੇ।
ਗੁਰ ਕੀਰਤ ਰੰਗ ਰੱਤੜੇ, ਨਿਤ ਕੀਰਤਨ ਗਾਂਦੇ।
ਮਤ ਉੱਚਾ, ਮਨ ਨਿਮ੍ਰਤਾ, ਉਪਦੇਸ਼ ਸੁਣਾਂਦੇ।
ਸੁਰਤ ਚਾੜ੍ਹ ਕੇ ਨਾਮ ਵਿਚ ਗਗਨੀਂ ਲਹਿਰਾਂਦੇ।
ਗੁਰਸਿਖਾਂ ਦੀ ਚਰਨ-ਧੂੜ ਲੈ ਮਸਤਕ ਲਾਂਦੇ।
ਜਪਦੇ "ਗੁਰਸਿਖ ਆਇ ਮਿਲਿ" ਇਉਂ ਵਾਕ ਅਲਾਂਦੇ :
'ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ'।੧।

†ਧਰਮ ਮਲ੍ਹ ਰਣਧੀਰ ਸਿੰਘ ਦੇ ਨਾਲ ਗੁਜ਼ਾਰੇ।
ਤੁਹਾਂ ਦੋਹਾਂ ਪਿਆਸੀਆਂ ਦੇ ਚੋਜ ਨਿਆਰੇ।
ਪੜ੍ਹ ਪੜ੍ਹ ਮਨ ਅਸਚਰਜ ਹੋਏ ਜੋ ਲਿਖੇ ਨਜ਼ਾਰੇ।
ਝੂਮੇ ਜਿਉਂ ਵਿਚ ਮਸਤੀਆਂ ਕੀ ਲਿਖਨ ਲਿਖਾਰੇ ?
ਦੇ ਗਇਓਂ ਵਿਛੋੜਾ ਪੰਥ ਨੂੰ ਮੇਰੇ ਸਜਣ ਪਿਆਰੇ।
ਤੇਰੇ ਬੋਲ ਬ੍ਰਹਿਮੰਡ ਤੋਂ ਹੁਣ ਵੀ ਸੁਣ ਪਾਂਦੇ :
'ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ'।੨।

ਤੇਰੇ ਮੁਖੜੇ ਉਤੇ ਵਰਸਦਾ ਸੀ ਨੂਰ ਇਲਾਹੀ।
ਤੇਰਾ ਮਸਤਕ ਹੈਸੀ ਦੇਂਵਦਾ ਹਰ ਸਮੇਂ ਗਵਾਹੀ।
ਪੂਰਬ ਜਨਮ ਤਪੱਸਵੀ ਮੂਰਤ ਜਗ ਆਈ।
ਕਾਰ ਕਰੀ ਗੁਰ-ਹੁਕਮ ਵਿਚ ਜੋ ਧੁਰ ਫੁਰਮਾਈ।
ਛੱਡ ਗਇਓਂ ਸਭ ਸਾਥੀਆਂ ਕਰ ਗੁਰਪੁਰਿ ਧਾਈ।
ਕਰੇ 'ਮਿੱਤਰ' ਯਾਦ ਇਹ ਵਚਨ ਤੇਰੇ ਦਿਲ ਖੋਹ੍ਹ ਪਾਂਦੇ :
'ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ।੩।

## ਪਿਆਰੇ ਬਾਊ ਮਲ ਸਿੰਘ ਜੀ ਦੀ ਅਮਰ ਯਾਦ

ਪਿਆਰੇ ਬਾਊ ਜੀ ਦੀ ਇਕ ਅਮਰ ਯਾਦ ਦਿਲ ਵਿਚ ਉਭਰ ਆਈ ਹੈ। ਤਰੀਕ ੧੩-੧੦-੭੫ ਹੈ, ਜੋ ਦਿਲੀ ਰੈਣ ਸਬਾਈ ਸ਼ੁਰੂ ਹੋਣ ਦਾ ਦਿਨ ਸੀ।

ਦਾਸ ਆਪਣੇ ਸਪੁੱਤਰ ਸ: ਜਗਤਾਰ ਸਿੰਘ 'ਪਰਵਾਨਾ' ਨੂੰ ਖੰਡੇ-ਧਾਰ ਪਾਹੁਲ ਪਾਨ ਕਰਾਣ ਲਈ ਗੁਰਦੁਆਰਾ ਰਕਾਬਗੰਜ ਸਾਹਿਬ ਪੁਜਾ ਹੋਇਆ ਸੀ। ਕੌਤਕ ਅਖੀਂ ਵੇਖੇ। ਅੰਮ੍ਰਿਤ-ਅਭਿਲਾਖੀਆਂ ਦੀਆਂ ਹਾਜ਼ਰੀਆਂ ਹੋਈਆਂ। ਜਦੋਂ ਦੋ ਕੁਤਹਿਤੀ ਪ੍ਰੇਮੀਆਂ ਦੇ ਹੱਥ ਨੂੜੇ ਗਏ ਤਾਂ ਅਚਨਚੇਤ ਹੀ ਪਿਆਰੇ ਬਾਊ ਜੀ ਦਰਵਾਜ਼ੇ ਵਿਚ ਆ ਖੜੇ ਹੋਏ। ਮੈਂ ਬਾਹਰ ਬਹਾਂਡੇ ਵਿਚ ਬੈਠਾ ਸਭ ਕੁਝ ਵੇਖ ਰਿਹਾ ਸਾਂ। ਦਗ ਦਗ ਕਰਦਾ ਮਸਤਕ, ਨੂਰੀ ਚੇਹਰਾ, ਤੇਜੱਸਵੀ ਮੂਰਤ, ਸੋਹਣਾ ਨੀਲਾ ਦਸਤਾਰਾ, ਗਾਤਰੇ ਕਿਰਪਾਨ ਤੇ ਕੇਸਰੀ ਬਾਣੇ ਵਾਲਾ ਮਹਾਂ ਪੁਰਸ਼, ਆਪ ਜੀ ਨੇ ਇਸ ਭਾਵ ਦੇ ਬਚਨ ਕੀਤੇ, ਉਹ ਹੁਣ ਵੀ ਕੰਨਾਂ ਵਿਚ ਗੂੰਜ ਰਹੇ ਹਨ—

---

† ਧਰਮ-ਅਖਾੜੇ ਦੇ ਅਜਿਤ ਪਹਿਲਵਾਨ ਭਾਈ ਸਾਹਿਬ ਰਣਧੀਰ ਸਿੰਘ ਜੀ

www.AKJ.Org

"ਓ ਕਲਗੀਆਂ ਵਾਲੇ ਦੇ ਦੂਲਿਓ ! ਇਹ ਕੁਰਹਿਤਾਂ ਗੁਰਸਿਖਾਂ ਨੂੰ ਨਹੀਂ ਸੋਭਦੀਆਂ । ਫੇਰ ਵੀ ਤੁਸੀਂ ਧੰਨ ਹੋ ਜੋ ਦਾਤਾਰ ਪਿਤਾ ਦੀ ਝੋਲੀ ਵਿਚ ਮੁੜ ਬਹਿਣ ਲਈ ਪਸਚਾਤਾਪ ਕਰ ਕੇ ਆਏ ਹੋ, 'ਜੀ ਆਇਆ 'ਨੂੰ' ।"

ਮੇਰੇ ਦਿਲ ਵਿਚ ਇਕ ਝਰਨਾਹਟ ਛਿੜੀ ਤੇ ਅਖਾਂ ਵਗ ਪਈਆਂ । ਇਹ ਮੇਰਾ ਪਹਿਲਾ ਸਮਾਂ ਸੀ ਆਪ ਜੀ ਦੇ ਦਰਸ਼ਨਾਂ ਦਾ । ਅਜ ਉਸ ਮਹਾਂ ਪੁਰਸ਼ ਨੂੰ ਕਿਥੋਂ ਭਾਲੀਏ ।

"ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥" (੪੮੮)

ਮਹਾਂ ਕਵੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੇ ਲਿਖੇ ਅਨੁਸਾਰ ਜਿਥੇ ਵੀ ਗੁਰਮੁਖ ਜਨ ਬੈਠਦੇ ਹਨ, ਸੁਗੰਧੀ ਛੋੜ ਜਾਂਦੇ ਹਨ–

ਜਿਸ ਜਿਸ ਥਾਂਵੇਂ ਪਿਆਰੂਏ ਬੈਠੇ, ਗਏ ਰੰਗ ਲਾਏ ।
ਓਥੇ ਓਥੇ ਅਜੇ ਤਕ ਲਪਟ ਰਹੀ ਲਹਿਰਾਏ ।
ਮਾਣਨਹਾਰੇ ਟੁਰ ਗਏ, ਸਮੇਂ ਗਏ ਹਨ ਬੀਤ ।
ਪਰ ਲਪਟੀ ਹੈ ਦੇ ਰਹੀ ਲਪਟ ਆਪਣੀ ਪ੍ਰੀਤ ।
ਸੁਚੀ ਪ੍ਰੀਤੀ ਦੇਂਵਦੀ ਸਦਾ ਸਦਾ ਖੁਸ਼ਬੋਈ ।

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਤੇ ਅਖੰਡਪਾਠ

27 ਅਕਤੂਬਰ–ਰੈਣ ਸਬਾਈ Ramgarhia Sikh Temple, Mason Hill, Woolwich, London SE18 6EJ Phone-01-854-1786

ਪੁਛ ਗਿਛ : ਸ: ਸੋਹਣ ਸਿੰਘ ਵਿਰਦੀ–ਫ਼ੋਨ 101-858-2494

2 ਤੋਂ 4 ਨਵੰਬਰ–ਸ੍ਰੀ ਅਖੰਡ ਪਾਠ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਗੁਰਪੁਰਬ ਪ੍ਰਥਾਇ ਸਿੰਘ ਸਭਾ ਗੁਰਦੁਆਰਾ, ਸਮਰਸੈਟ ਰੋਡ, ਹੈਂਡਸਵਰਥ, ਬਰਮਿੰਘਮ 20

ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਪ੍ਰਾਪਤ ਕਰਨ ।

ਦਾਸ ਰਾਜਿੰਦਰ ਸਿੰਘ ਜਥੇਦਾਰ ਅਖੰਡ ਕੀਰਤਨੀ ਜਥਾ ਯੂ. ਕੇ. ਡਡਲੀ, ਯੂ. ਕੇ.

## ਪਿੰਡ ਬਰਾੜ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਗੁਲਜ਼ਾਰ ਸਿੰਘ ਜੀ ਪਿੰਡ ਬਰਾੜ ਜ਼ਿਲਾ ਅੰਮ੍ਰਿਤਸਰ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ਸ਼ਨੀਵਾਰ ੬ ਅਕਤੂਬਰ ਸਵੇਰੇ ੫ ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਲੋਪੋਕੇ ਚੁਗਾਵਾਂ ਲਈ ਬਸ ਕੁਹਾਲੀ ਤਕ, ਕੁਹਾਲੀ ਤੋਂ ੨ ਮੀਲ ਬਰਾੜ ਟਾਂਗੇ ਜਾਂਦੇ ਹਨ ਜੀ ।

## ਮਨੌਲੀ (ਰੋਪੜ) ਵਿਖੇ ਕੀਰਤਨ ਰੈਣ ਸਬਾਈ

ਪਿੰਡ ਮਨੌਲੀ ਵਿਖੇ ੨੭ ਅਕਤੂਬਰ ੧੯੭੯ ਦੀ ਰਾਤੀਂ ਸਨੀਚਰਵਾਰ ਨੂੰ ਕੀਰਤਨ ਰੈਣ ਸਬਾਈ ਹੋਣਗੇ । ਸਮੂੰਹ ਗੁਰਮੁਖ ਪਿਆਰੇ ਵੀਰਾਂ ਨੂੰ ਪਰਵਾਰ ਸਹਿਤ ਦਰਸ਼ਨ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ । ਪਿੰਡ ਮਨੌਲੀ ਲਈ ਚੰਡੀਗੜ੍ਹ ਬਸ ਸਟੈਂਡ ੧੭ ਸੈਕਟਰ ਤੋਂ ਦੁਪਹਿਰੇ ਦੋ ਵਜੇ ਤੇ ਸ਼ਾਮੀਂ ਪੌਣੇ ਛੇ ਵਜੇ ਬਸ ਮਿਲਦੀ ਹੈ ਜੀ ।

ਦਾਸਰੇ–ਅਖੰਡ ਕੀਰਤਨੀ ਜਥਾ ਤਹਿਸੀਲ ਖਰੜ (ਰੋਪੜ)

## ਨੈਨੋਕੋਟ (ਗੁਰਦਾਸਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ ਕੀਰਤਨ

੬ ਅਕਤੂਬਰ ਸ਼ਨੀਵਾਰ ਸਵੇਰੇ ਭਾਈ ਜੋਗਿੰਦਰ ਸਿੰਘ ਦੇ ਗ੍ਰਹਿ ਵਿਖੇ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ ਦੁਪਹਿਰ ਤਕ । ਰਾਤ ਨੂੰ ਰੈਣ ਸਬਾਈ ਕੀਰਤਨ ।



www.AKJ.Org

# ਅਖੰਡ ਕੀਰਤਨੀ ਜਥਾ-ਹਿਸਾਬ ਕਿਤਾਬ

## ਸ਼ਹੀਦੀ ਫੰਡ-ਆਮਦਨ

| | |
|---|---|
| Cpl. Multani K S. 56 APO | 50-00 |
| ਸ: ਸਤਨਾਮ ਸਿੰਘ ਕਾਲਾਕੋਟ ਜੰਮੂ | 11-00 |
| ਸ: ਜਸਬੀਰ ਸਿੰਘ ਘੋੜੇਵਾਹ ਅਨੰਦ ਕਾਰਜ ਸਮੇਂ ਅਰਦਾਸ | 101-00 |
| ਸੂਰਾ ਫਿਟ ਨੰ: 3070 ਜਲੰਧਰ | 50-00 |
| ਸ: ਰਾਮ ਸਿੰਘ ਸਾਊਥ ਹਾਲ ਯੂ. ਕੇ. | 858-00 |
| | 1070-00 |
| ਪਿਛਲੀ ਬਾਕੀ | 55163-03 |
| ਜੋੜ | 56233-03 |
| ਖਰਚ-ਅਖਬਾਰਾਂ | 23-10 |
| ਬਾਕੀ | 56209-93 |

## ਕੇਂਦਰੀ ਫੰਡ-ਆਮਦਨ

| | |
|---|---|
| ਸ: ਤ੍ਰਿਲੋਚਨ ਸਿੰਘ, ਪਾਨੀਪਤ | 600-00 |
| ਸ: ਇੰਦਰ ਸਿੰਘ, ਅੰਮ੍ਰਿਤਸਰ | 20-00 |
| | 620-00 |
| ਪਿਛਲੀ ਬਾਕੀ | 4207-01 |
| ਜੋੜ | 4827-01 |
| ਖਰਚ- | |
| ਭਾ: ਜਸਪਾਲ ਸਿੰਘ ਦਿਲੀ ਨੂੰ ਸਹਾਇਤਾ ਡਾਕ ਖਰਚ | 237-75 |
| ਬਾਕੀ | 4589-26 |

24-9-79 ਦਾਸਰਾ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ) ਅੰਮ੍ਰਿਤਸਰ

---

## *ਪਿੰਡ ਲਿੱਤਰ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਸਮਾਗਮ*

ਭਾਈ ਸੁੰਦਰ ਸਿੰਘ ਜੀ ਦੇ ਗ੍ਰਿਹਿ ਪਿੰਡ ਲਿਤਰ, ਜੇਲ੍ਹ ਰੋਡ, ਗੁਰਦਾਸਪੁਰ ਵਿਖੇ ਪੰਜ ਅਕਤੂਬਰ ਸ਼ੁਕਰਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ । ਉਪਰੰਤ ਦਸ ਵਜੇ ਤਕ ਆਸਾ ਦੀ ਵਾਰ ਦੇ ਕੀਰਤਨ ਹੋਣਗੇ ।

ਪ੍ਰਾਰਥਕ ਦਾਸਰਾ—ਜਸਵੰਤਸਿੰਘ ਗਿਆਨੀ, 542 ਈਸਟ ਮੋਹਨ ਨਗਰ, ਅੰਮ੍ਰਿਤਸਰ

## *ਮਿਠਾਪੁਰ (ਜਲੰਧਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ*

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਦਾਸਰਿਆਂ ਦੇ ਗ੍ਰਿਹਿ ਮਿੱਠਾਪੁਰ ਵਿਚ ੧੯ ਤੋਂ ੨੧ ਤਕ ਸ੍ਰੀ ਅਖੰਡਪਾਠ ਦੇ ਪ੍ਰੋਗਰਾਮ ਹੋ ਰਹੇ ਹਨ । ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋ ਰਹੇ ਹਨ । ਸਮੂਹ ਵੀਰ ਭੈਣ ਦਰਸ਼ਨ ਦੇ ਕੇ ਦਾਸਾਂ ਨੂੰ ਨਿਵਾਜੋ ਜੀ ।

ਦਾਸਰਾ—ਦਲਜੀਤ ਸਿੰਘ (ਕਰਨਲ), ਮਿੱਠਾਪੁਰ ਜਲੰਧਰ

## *ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰੈਣ ਸਬਾਈ ਕੀਰਤਨ*

ਸ੍ਰੀ ਗੋਇੰਦਵਾਲ ਵਿਖੇ ਜੋ ਹਰ ਮਹੀਨੇ ਰੈਣ ਸਬਾਈ ਕੀਰਤਨ ਹੋਣੇ ਨੀਯਤ ਹੋਏ ਹਨ, ਉਹ ਇਸ ਮਹੀਨੇ ਪੰਜ ਅਕਤੂਬਰ ਸ਼ੁਕਰਵਾਰ ਦੀ ਰਾਤ ਨੂੰ ਗੁਰਦਵਾਰਾ ਚੁਬਾਰਾ ਸਾਹਿਬ ਦੇ ਸਾਹਮਣੇ ਮੰਜੀ ਸਾਹਿਬ ਅਸਥਾਨ ਤੇ ਹੋ ਰਹੇ ਹਨ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

ਦਾਸਰਾ—ਕੁਲਵੰਤ ਸਿੰਘ, ਪੰਜਾਬ ਐਂਡ ਸਿੰਧ ਬੈਂਕ, ਸ੍ਰੀ ਗੋਇੰਦਵਾਲ

---

# ਮਥਰਾ ਵਿਖੇ ਵਿਸ਼ਾਲ ਰੈਣ - ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਆਗਰਾ ਦੀ ਪਰਵਾਨਗੀ ਨਾਲ ਗੁਰਦੁਆਰਾ ਧੌਲੀ ਪਿਆਊ ਮਥਰਾ ਵਿਖੇ 6 ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਸ਼ਾਮਲ ਹੋਣ ਲਈ ਦੂਰੋਂ ਨੇੜਿਓਂ ਕੀਰਤਨੀ ਵੀਰ ਭੈਣਾਂ ਪੁਜਣਗੇ । ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ । ਗੁਰਦੁਆਰਾ ਧੌਲੀ ਪਿਆਊ ਸਟੇਸ਼ਨ ਦੇ ਬਿਲਕੁਲ ਨੇੜੇ ਹੈ ।

[illegible]

www.AKJ.Org

# ਜਲੰਧਰ ਵਿਖੇ ਸਾਲਾਨਾ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## ੨ ਨਵੰਬਰ ਸ਼ੁਕਰਵਾਰ ਸਵੇਰ ਤੋਂ ੫ ਨਵੰਬਰ ਸੋਮਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਪਿਤਾ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਜਲੰਧਰ ਸ਼ਹਿਰ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜਣਗੇ ਤੇ ਹਰਿ-ਜਸ ਕੀਰਤਨ ਦੇ ਲਾਹੇ ਭੁੰਚਣਗੇ। ਸਮੂਹ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

| | |
|---|---|
| ੨ ਨਵੰਬਰ ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ | ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ |
| ਸਵੇਰੇ ੬ ਤੋਂ ੧੧ ਅਖੰਡ ਕੀਰਤਨ | ਗੁਰਦਵਾਰਾ ਮਹੱਲਾ ਮਖਦੂਮਪੁਰਾ, ਨਕੋਦਰ ਰੋਡ |
| ਸ਼ਾਮ ੬ ਤੋਂ ੯ ਸੋਦਰ ਰਹਿਰਾਸ ਤੇ ਕੀਰਤਨ | ,, ,, ,, |
| ੩ ਨਵੰਬਰ ਸਵੇਰੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ | ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ |
| ਸ਼ਾਮ ੬ ਤੋਂ ੯ ਸੋਦਰ ਰਹਿਰਾਸ ਤੇ ਕੀਰਤਨ | ਲਾਇਲਪੁਰ ਖਾ: ਹਾ: ਸੈਕੰਡਰੀ ਸਕੂਲ |
| ੪ ਨਵੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ੧੨ ਵਜੇ ਤਕ | ,, ,, ,, ,, |
| ਦੁਪਹਿਰ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ | ,, ,, ,, ,, |
| ਸ਼ਾਮ ਸੋਦਰ ਉਪਰੰਤ ੮ ਵਜੇ ਰੈਣ ਸਬਾਈ ਕੀਰਤਨ ਅਰੰਭ | ,, ,, ,, ,, |
| ੫ ਨਵੰਬਰ ਸਵੇਰੇ ਆਸਾ ਦੀ ਵਾਰ ਤੋਂ ਉਪਰੰਤ ੭ ਵਜੇ ਰੈਣ ਸਬਾਈ ਦੀ ਸਮਾਪਤੀ | |

ਨਿਵਾਸ-ਅਸਥਾਨ ਤੇ ਲੰਗਰ :—ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

ਨੋਟ :—(੧) ਬਾਹਰੋਂ ਆਈਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਲਿਆਉਣ ਦੀ ਕਿਰਪਾ ਕਰਨ।

(੨) ਅਨੰਦ ਕਾਰਜ ਕਰਾਉਣ ਵਾਲੇ ਜੋੜੇ ਤਿਆਰ ਹੋ ਕੇ ਪੁਜਣ।

(੩) ਸਟੇਸ਼ਨ ਤੇ ਬੱਸ ਅਡੇ ਤੋਂ ਮਾਡਲ ਟਾਊਨ ਅਤੇ ਬਸਤੀ ਸ਼ੇਖ ਨੂੰ ਜਾਣ ਵਾਲੀਆਂ ਬੱਸਾਂ ਖਾ: ਹਾ: ਸੈ: ਸਕੂਲ ਅਗੋਂ ਲੰਘਦੀਆਂ ਹਨ।

ਪੁੱਛ ਗਿਛ—੧. ਬੀਬੀ ਹਰਸ਼ਰਨ ਕੌਰ ਜੀ, ਮਿਠਾਪੁਰ, ਜਲੰਧਰ (ਪ੍ਰਤੀਨਿਧ ਅਖੰਡ ਕੀਰਤਨੀ ਜਥਾ ਜਿਲਾ ਜਲੰਧਰ)
੨. ਮੈਸਰਜ਼ ਜਸਵੰਤ ਸਿੰਘ ਹਰਭਜਨ ਸਿੰਘ, ਚੌਕ ਭਗਤ ਸਿੰਘ, ਜਲੰਧਰ ਫੋਨ : ੭੫੨੧੨

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਜਲੰਧਰ

---

**ਪਟੀ (ਅੰਮ੍ਰਿਤਸਰ) ਵਿਚ ਬਾਊ ਮਲ ਸਿੰਘ ਜੀ ਦੀ ਯਾਦ ਵਿਚ ਬੀਬੀ ਰਜਨੀ ਕਾਲਜ ਵਿਚ ੯-੧੧ ਨਵੰਬਰ ਨੂੰ ਪ੍ਰੋਗਰਾਮ ਹੋਣੇ ਹਨ। ਵੇਰਵਾ ਆਉਂਦੇ ਮਹੀਨੇ**

---

**ਪਾਠਕਾਂ ਪ੍ਰਤੀ** ਬਾਰ ਬਾਰ ਬੇਨਤੀ ਹੈ ਕਿ ਚਿਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੇਸ ਨਾਲ ਚਿਟ ਨੰਬਰ ਲਿਖਿਆ ਹੁੰਦਾ ਹੈ। ਉਥੋਂ ਆਪਣਾ ਨੰਬਰ ਨੋਟ ਕਰੋ ਜੀ।

---

**ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

www.AKJ.Org